People's Herald

Rs- 160/month

People's Herald



# "ਇਕੁਐਲਿਟੀ ਐਂਡ ਜਸਟਿਸ"



https://www.facebook.com/profile.php?id=161037521061610

ਪਟਿਆਲਾ

"Equality and Justice"

स्वतंत्रता, समानता, भाईचारा

PATIALA On line paper 09 ਜਨਵਰੀ 2026 ਸ਼ੁੱਕਰਵਾਰ "ਰੋਜ਼ਾਨਾ" ਪੰਜਵਾ ਸਾਲ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay 91-9463601616 HARDIP SINGH STATE BANK OF INDIA ACCT NO-10566643658 . IFSC- SBIN0050773

## ਮੁੱਖ ਮੰਤਰੀ ਮਾਨ ਦੀ ਜਥੇਦਾਰ ਨੂੰ ਅਪੀਲ: ਮੇਰੇ ਸਪੱਸ਼ਟੀਕਰਨ ਸਮੇਂ ਲਾਈਵ ਟੈਲੀਕਾਸਟ ਕੀਤਾ ਜਾਵੇ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 08 ਜਨਵਰੀ
INTERNATIONAL PAPER, 94636 01616
hardipchumber57@gmail.com

ਮੁੱਖ ਮੰਤਰੀ ਨੇ ਕਿਹਾ, ''ਪੂਰੀ ਦੁਨੀਆ ਚੋਂ ਮੈਨੂੰ ਸੁਨੇਹੇ ਆ ਰਹੇ ਨੇ ਕਿ 15 ਜਨਵਰੀ ਨੂੰ ਜਦੋਂ ਸੰਗਤ ਵੱਲੋਂ ਗੋਲਕ ਦਾ ਹਿਸਾਬ-ਕਿਤਾਬ ਲੈ ਕੇ ਜਾਵਾਂਗੇ..ਸਾਰੇ ਚੈਨਲਾਂ ਤੇ ਲਾਈਵ ਟੈਲੀਕਾਸਟ ਹੋਣਾ ਚਾਹੀਦੈ..ਮੈਂ ਵੀ ਦੁਨੀਆਂ ਭਰ ਦੀ ਸੰਗਤ ਦੀ ਭਾਵਨਾ ਨੂੰ ਸਮਝਦੇ ਹੋਏ ਜਥੇਦਾਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਮੇਰੇ ਸਪੱਸ਼ਟੀਕਰਨ ਦਾ ਸਿੱਧਾ ਪ੍ਰਸਾਰਣ ਕੀਤਾ ਜਾਵੇ ਤਾਂ ਕਿ ਸੰਗਤਾਂ ਪਲ-ਪਲ ਅਤੇ ਪੈਸੇ-ਪੈਸੇ ਦੇ ਹਿਸਾਬ ਨਾਲ ਜੁੜੀਆਂ ਰਹਿਣ..ਮਿਲਦੇ ਹਾਂ ਜੀ 15 ਜਨਵਰੀ ਨੂੰ ..ਸਬੂਤਾਂ ਸਮੇਤ।''

ਜ਼ਿਕਰਯੋਗ ਹੈ ਕਿ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਸਿੱਖ ਵਿਰੋਧੀ ਮਾਨਸਿਕਤਾ ਦਾ ਪ੍ਰਗਟਾਵਾ ਕਰਨ ਦੇ ਦੋਸ਼ ਹੇਠ 15 ਜਨਵਰੀ ਨੂੰ ਅਕਾਲ ਤਖ਼ਤ ਸਕੱਤਰੇਤ 'ਚ ਤਲਬ ਕੀਤਾ ਹੋਇਆ ਹੈ।

ਇਸ ਸਬੰਧੀ ਮੁੱਖ ਮੰਤਰੀ ਨੂੰ ਜਾਰੀ ਪੱਤਰ ਵਿੱਚ ਦੋਸ਼ ਲਾਇਆ ਗਿਆ ਹੈ ਕਿ ਉਨ੍ਹਾਂ ਅਕਾਲ ਤਖ਼ਤ ਦੀ ਸਰਬਉੱਚਤਾ, ਮਾਣ ਮਰਿਆਦਾ ਅਤੇ ਗੁਰੂ ਦੀ ਗੋਲਕ ਵਿਰੁੱਧ ਇਤਰਾਜ਼ਯੋਗ ਟਿੱਪਣੀਆਂ ਕਰ ਕੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਇਸ ਤੋਂ ਇਲਾਵਾ ਮੁੱਖ ਮੰਤਰੀ ਦੇ ਕੁਝ ਵੀਡੀਓ ਵੀ ਸਾਹਮਣੇ ਆਏ ਹਨ, ਜਿਸ ਵਿੱਚ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਤਸਵੀਰ ਨਾਲ ਉਹ ਇਤਰਾਜ਼ਯੋਗ ਐਕਸ਼ਨ ਕਰਦੇ ਦਿਖਾਈ ਦੇ ਰਹੇ ਹਨ। ਪੱਤਰ 'ਚ ਲਿਖਿਆ ਹੈ ਕਿ ਮੁੱਖ ਮੰਤਰੀ ਉੱਚ ਸੰਵਿਧਾਨਕ ਅਹੁਦੇ 'ਤੇ ਬੈਠੇ ਹਨ ਪਰ ਉਨ੍ਹਾਂ ਦਾ ਵਤੀਰਾ ਰਾਜ ਹੈਂਕੜ ਦਾ ਪ੍ਰਗਟਾਵਾ ਕਰਦਾ ਹੈ।

ਮੀਡੀਆ ਨੂੰ ਸੰਬੋਧਨ ਕਰਦਿਆਂ ਜਥੇਦਾਰ ਗੜਗੱਜ ਨੇ ਸਪੱਸ਼ਟ ਕੀਤਾ ਸੀ ਕਿ ਮੁੱਖ ਮੰਤਰੀ ਪਤਿਤ ਹੈ ਅਤੇ ਸਿੱਖ ਰਵਾਇਤ ਅਨੁਸਾਰ ਉਨ੍ਹਾਂ ਨੂੰ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਦੇ ਸਨਮੁਖ ਪੇਸ਼ ਨਹੀਂ ਕੀਤਾ ਜਾ ਸਕਦਾ ਹੈ। ਇਸ ਲਈ ਉਨ੍ਹਾਂ ਨੂੰ 15 ਜਨਵਰੀ ਨੂੰ ਨਿੱਜੀ ਤੌਰ ਉੱਤੇ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਸੱਦਿਆ



ਗਿਆ ਹੈ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਸਾਹਿਬ ਸਿੱਖ ਰਹਿਤ ਮਰਿਯਾਦਾ ਨੂੰ ਚੁਣੌਤੀ ਅਤੇ ਸਿੱਖ ਭਾਵਨਾਵਾਂ ਨੂੰ ਸੱਟ ਮਾਰਨ ਦਾ ਮਾਮਲਾ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦਾ। ਉਨ੍ਹਾਂ ਕਿਹਾ ਕਿ ਇਤਰਾਜ਼ਯੋਗ ਵੀਡੀਓ ਦੀ ਫੋਰੈਂਸਿਕ ਜਾਂਚ ਕਰਵਾਈ ਜਾਵੇਗੀ ਅਤੇ ਇਹ ਸਹੀ ਸਾਬਤ ਹੋਣ 'ਤੇ ਮੁੱਖ ਮੰਤਰੀ ਭਗਵੰਤ ਮਾਨ ਵਿਰੁੱਧ ਪੰਥਕ ਰਵਾਇਤਾਂ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਹਾਈ ਕੋਰਟ ਨੇ ਪੰਜਾਬ ਦੇ ਭ੍ਰਿਸ਼ਟ ਸਰਕਾਰੀ ਕਰਮਚਾਰੀਆਂ 'ਤੇ ਅਪਣਾਇਆ ਸਖ਼ਤ ਰੁਖ਼

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 08 ਜਨਵਰੀ
INTERNATIONAL PAPER, 94636 01616
hardipchumber57@gmail.com

ਚੰਡੀਗੜ੍ਹ: ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਗੰਭੀਰ ਭ੍ਰਿਸ਼ਟਾਚਾਰ ਮਾਮਲਿਆਂ ਅਤੇ ਐਨਡੀਪੀਐਸ ਐਕਟ ਵਿੱਚ ਫਸੇ ਪੰਜਾਬ ਦੇ ਸਰਕਾਰੀ ਕਰਮਚਾਰੀਆਂ ਅਤੇ ਅਧਿਕਾਰੀਆਂ 'ਤੇ ਸਖ਼ਤ ਰੁਖ਼ ਅਪਣਾਇਆ ਹੈ। ਚੀਫ਼ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਨੀਰਜਾ ਕੁਲਵੰਤ ਕਲਸਨ ਦੀ ਡਿਵੀਜ਼ਨ ਬੈਂਚ ਨੇ ਇਸ ਮਾਮਲੇ ਦਾ ਖੁਦ ਨੋਟਿਸ ਲਿਆ ਅਤੇ 10 ਫਰਵਰੀ ਤੱਕ ਪੰਜਾਬ ਸਰਕਾਰ ਦੇ ਮੁੱਖ ਸਕੱਤਰ ਤੋਂ ਵਿਸਤ੍ਰਿਤ ਰਿਪੋਰਟ ਤਲਬ ਕੀਤੀ। ਅਦਾਲਤ ਨੇ ਕਿਹਾ ਕਿ ਇਹ ਗੰਭੀਰ ਚਿੰਤਾ ਦਾ ਵਿਸ਼ਾ ਹੈ ਕਿ ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ ਅਤੇ




ਐਨਡੀਪੀਐਸ ਐਕਟ ਅਧੀਨ ਦੋਸ਼ਾਂ ਦਾ ਸਾਹਮਣਾ ਕਰ ਰਹੇ ਅਧਿਕਾਰੀ ਅਤੇ ਕਰਮਚਾਰੀ ਅਤੇ ਕੁਝ ਜਿਨ੍ਹਾਂ ਨੂੰ ਦੋਸ਼ੀ ਠਹਿਰਾਇਆ ਗਿਆ ਹੈ ਅਤੇ ਸਜ਼ਾ ਵੀ ਸੁਣਾਈ ਗਈ ਹੈ, ਅਜੇ ਵੀ ਸਰਕਾਰੀ ਸੇਵਾ ਵਿੱਚ ਹਨ।

ਅਦਾਲਤ ਨੇ ਸਵਾਲ ਕੀਤਾ ਕਿ ਅਜਿਹੇ ਕਰਮਚਾਰੀਆਂ ਨੂੰ ਨੌਕਰੀ ਤੋਂ ਕਿਉਂ ਨਹੀਂ ਕੱਢਿਆ ਗਿਆ। ਹਾਈ ਕੋਰਟ ਨੇ ਸਪੱਸ਼ਟ ਕੀਤਾ ਕਿ ਇਹ ਸਿਰਫ਼ ਹੇਠਲੇ ਪੱਧਰ ਦੇ ਕਰਮਚਾਰੀਆਂ ਦੀ ਹੀ ਨਹੀਂ, ਸਗੋਂ ਉਨ੍ਹਾਂ ਉੱਚ ਪੱਧਰੀ ਅਧਿਕਾਰੀਆਂ ਦੀ ਵੀ ਜ਼ਿੰਮੇਵਾਰੀ ਹੈ, ਜਿਨ੍ਹਾਂ ਨੇ ਸਜ਼ਾਵਾਂ ਹੋਣ ਦੇ ਬਾਵਜੂਦ ਅਜਿਹੇ ਕਰਮਚਾਰੀਆਂ ਨੂੰ ਬਰਕਰਾਰ ਰੱਖਣ ਦੀ ਸਿਫਾਰਸ਼ ਕੀਤੀ ਸੀ। ਅਦਾਲਤ ਨੇ ਇਹ ਵੀ ਨਿਰਦੇਸ਼ ਦਿੱਤਾ ਕਿ ਉਨ੍ਹਾਂ ਅਧਿਕਾਰੀਆਂ ਬਾਰੇ ਜਾਣਕਾਰੀ ਪੇਸ਼ ਕੀਤੀ ਜਾਵੇ, ਤਾਂ ਜੋ ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾ ਸਕੇ। ਸੁਣਵਾਈ ਦੌਰਾਨ ਅਦਾਲਤ ਨੂੰ ਇਹ ਤੱਥ ਪੇਸ਼ ਕੀਤਾ ਗਿਆ ਕਿ ਇਕੱਲੇ ਪੰਜਾਬ ਸਿਹਤ ਵਿਭਾਗ ਦੇ ਅੰਦਰ 20 ਅਧਿਕਾਰੀ ਅਤੇ ਕਰਮਚਾਰੀ ਭ੍ਰਿਸ਼ਟਾਚਾਰ ਅਤੇ ਐਨਡੀਪੀਐਸ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ, ਫਿਰ ਵੀ ਸੇਵਾ ਵਿੱਚ ਹਨ।

2019 ਤੋਂ ਇਨ੍ਹਾਂ ਵਿੱਚੋਂ ਕੁਝ ਅਧਿਕਾਰੀਆਂ ਵਿਰੁੱਧ ਕੇਸ ਦਰਜ ਕੀਤੇ ਗਏ ਹਨ, ਪਰ ਉਨ੍ਹਾਂ ਦੀ ਮੁਅੱਤਲੀ 'ਤੇ ਵੀ ਵਿਚਾਰ ਨਹੀਂ ਕੀਤਾ ਗਿਆ ਹੈ। ਐਨਡੀਪੀਐਸ ਐਕਟ ਅਧੀਨ ਦੋਸ਼ੀ ਠਹਿਰਾਏ ਗਏ ਇੱਕ ਕਲਰਕ ਨੂੰ ਬਹਾਲ ਕਰ ਦਿੱਤਾ ਗਿਆ ਸੀ ਅਤੇ ਉਹ ਵਿਭਾਗ ਦੇ ਦਫ਼ਤਰ ਵਿੱਚ ਕੰਮ ਕਰਨਾ ਜਾਰੀ ਰੱਖਦਾ ਹੈ। ਹਾਈ ਕੋਰਟ ਨੇ ਪੰਜਾਬ ਦੇ ਮੁੱਖ ਸਕੱਤਰ ਨੂੰ ਅਗਲੀ ਸੁਣਵਾਈ ਤੱਕ ਜਾਣਕਾਰੀ ਪੇਸ਼ ਕਰਨ ਦੇ ਹੁਕਮ ਦਿੱਤੇ ਹਨ ਕਿ ਕਿੰਨੇ ਅਜਿਹੇ ਅਧਿਕਾਰੀ ਅਤੇ ਕਰਮਚਾਰੀ ਅਜੇ ਵੀ ਸੇਵਾ ਵਿੱਚ ਹਨ, ਉਨ੍ਹਾਂ ਵਿਰੁੱਧ ਕਿਹੜੇ ਕੇਸ ਦਰਜ ਹਨ ਅਤੇ ਕਿਸ ਦੀ ਸਿਫਾਰਸ਼ 'ਤੇ ਉਹ ਨੌਕਰੀ ਵਿੱਚ ਬਣੇ ਹੋਏ ਹਨ।

## ਲਾਪਤਾ ਪਾਵਨ ਸਰੂਪਾਂ ਮਾਮਲੇ 'ਚ ਇਨਸਾਫ਼ ਮਿਲਣ ਦੀ ਹੁਣ ਆਸ ਬੱਝੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 08 ਜਨਵਰੀ
INTERNATIONAL PAPER, 94636 01616
hardipchumber57@gmail.com

ਚੰਡੀਗੜ੍ਹ : ਲਾਪਤਾ 328 ਪਾਵਨ ਸਰੂਪਾਂ ਦੇ ਮਾਮਲੇ ਵਿਚ ਸਭ ਤੋਂ ਪਹਿਲਾ ਮੋਰਚਾ ਜਥਾ ਸਿਰਲੱਥ ਖਾਲਸਾ ਦੇ ਬਾਬਾ ਦਿਲਬਾਗ ਸਿੰਘ ਵੱਲੋਂ ਸਾਲ 2020 ਵਿਚ ਸ਼ੁਰੂ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਇਸ ਮੌਕੇ ਸਾਡੇ ਨਾਲ ਵੱਡੀ ਗਿਣਤੀ ਵਿਚ ਸਿੱਖ ਸੰਗਤ ਸਮੇਤ ਸਤਿਕਾਰ ਕਮੇਟੀ, ਬਲਵਿੰਦਰ ਸਿੰਘ ਪਰਵਾਨਾ, ਹਰਪ੍ਰੀਤ ਸਿੰਘ ਮੱਖੂ ਅਤੇ ਰਣਜੀਤ ਸਿੰਘ ਦਮਦਮੀ ਟਕਸਾਲ ਸਮੇਤ ਬਹੁਤ ਵੱਡੀ ਗਿਣਤੀ ਵਿਚ ਧਾਰਮਿਕ ਜਥੇਬੰਦੀਆਂ ਦੇ ਆਗੂਆਂ ਸਨ ਜਿਨ੍ਹਾਂ ਦੀ ਅਗਵਾਈ ਵਿਚ ਅਸੀਂ ਮੋਰਚਾ ਸ਼ੁਰੂ ਕੀਤਾ ਗਿਆ ਸੀ। ਬਾਬਾ ਦਿਲਬਾਗ ਸਿੰਘ ਨੇ ਦੱਸਿਆ ਕਿ ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਕ ਅੰਗ ਨੂੰ ਵੀ ਨੁਕਸਾਨ ਪਹੁੰਚਦਾ ਹੈ ਤਾਂ ਸਿੱਖ ਸੰਗਤਾਂ ਨੂੰ ਬਹੁਤ ਵੱਡੀ ਠੇਸ ਪਹੁੰਚਦੀ ਹੈ ਪਰ ਇਹ ਤਾਂ 328 ਪਾਵਨ ਸਰੂਪਾਂ ਦੇ ਲਾਪਤਾ ਹੋਣ ਦਾ ਮਾਮਲਾ ਹੈ। ਇਹ ਸਭ ਕੁੱਝ ਸ਼੍ਰੋਮਣੀ ਕਮੇਟੀ ਦੀਆਂ ਨਲਾਇਕੀਆਂ ਕਰਕੇ ਹੋਏ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਛਪਣ ਤੋਂ ਲੈ ਕੇ ਕਿਸੇ ਨੂੰ ਦੇਣ ਸਮੇਂ ਤੱਕ ਦਾ ਸਾਰਾ ਰਿਕਾਰਡ ਰੱਖਿਆ ਜਾਂਦਾ ਹੈ ਤਾਂ ਫਿਰ ਇਹ ਇੰਨੀ ਵੱਡੀ ਗਲਤੀ ਕਿਵੇਂ ਹੋਈ। ਉਨ੍ਹਾਂ ਦੱਸਿਆ ਕਿ ਜਦੋਂ ਕੋਈ ਵੀ ਸਿੱਖ ਵਿਅਕਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਲੈਣ ਲਈ ਜਾਂਦਾ ਹੈ ਤਾਂ ਸਭ ਤੋਂ ਪਹਿਲਾਂ ਤਾਂ ਪਿੰਡ ਦੇ ਸਰਪੰਚ ਤੋਂ ਮਨਜ਼ੂਰੀ ਲੈਣੀ ਪੈਂਦੀ, ਇਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਆਗੂਆਂ ਤੋਂ ਮਨਜ਼ੂਰੀ ਲੈਣੀ ਪੈਂਦੀ ਹੈ, ਫਿਰ ਸ਼੍ਰੋਮਣੀ ਕਮੇਟੀ ਪ੍ਰਧਾਨ ਦੀ ਮਨਜ਼ੂਰੀ ਲਈ ਜਾਂਦੀ ਹੈ। ਇਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੀ ਇਕ ਟੀਮ ਜਾਂਚ ਕਰਨ ਲਈ ਆਉਂਦੀ ਹੈ ਕਿ ਜਿਹੜਾ ਵਿਅਕਤੀ ਜਾਂ ਜਥੇਬੰਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਲੈਣਾ ਚਾਹੁੰਦਾ ਹੈ ਉਹ ਸਿੱਖ ਜਾਂ ਸੰਸਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਸੰਭਾਲਣ ਦੇ ਲਾਇਕ ਹੈ, ਉਹ ਕਮਰਾ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਬਿਰਾਜਮਾਨ ਕੀਤਾ ਜਾਣਾ ਹੈ, ਉਹ ਕਮਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੇ ਬਿਰਾਜਮਾਨ ਹੋਣ ਦੇ ਲਾਇਕ ਹੈ ਜਾਂ ਨਹੀਂ। ਕਮੇਟੀ ਦੀ ਰਿਪੋਰਟ ਮਿਲਣ ਤੋਂ ਬਾਅਦ ਫਿਰ ਕਿਤੇ ਜਾ ਕੇ ਸਿੱਖ ਨੂੰ ਜਾਂ ਕਿਸੇ ਸੰਸਥਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਦਿੱਤਾ ਜਾਂਦਾ ਹੈ। ਜਿਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਦਿੱਤਾ ਜਾਂਦਾ ਉਸ ਸਮੇਂ ਵੀ ਸਾਰਾ ਵੇਰਵਾ ਨੋਟ ਕੀਤਾ ਜਾਂਦਾ ਅਤੇ ਅੰਮ੍ਰਿਤਸਰ ਤੋਂ ਸ਼੍ਰੋਮਣੀ ਕਮੇਟੀ ਦੀ ਗੱਡੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਛੱਡਣ ਲਈ ਆਉਂਦੀ ਹੈ ਅਤੇ ਉਸ ਦਾ ਵੀ ਸਾਰਾ ਰਿਕਾਰਡ ਰੱਖਿਆ ਜਾਂਦਾ ਹੈ ਫਿਰ ਇਹ 328 ਪਾਵਨ ਸਰੂਪ ਲਾਪਤਾ ਕਿਵੇਂ ਹੋਏ।

ਬਾਬਾ ਦਿਲਬਾਗ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਇਕ ਮੈਂਬਰ ਵੱਲੋਂ ਇਨ੍ਹਾਂ ਲਾਪਤਾ ਪਾਵਨ ਸਰੂਪਾਂ ਸਬੰਧੀ ਪਰਦੇ ਪਿੱਛੇ ਕਾਫ਼ੀ ਪਰਚੀਆਂ ਪਾੜੀਆਂ ਸਨ, ਜਿਸ ਦਾ ਕਾਫ਼ੀ ਰੌਲਾ ਵੀ ਪਿਆ ਸੀ। ਇਹ ਪਰਚੀਆਂ ਉਹ ਸਨ ਜਿਹੜੇ ਬਾਦਲਾਂ ਦੇ ਹੁਕਮਾਂ 'ਤੇ ਸਿੱਧੇ ਸਰੂਪ ਦਿੱਤੇ ਗਏ ਸਨ ਜਿਨ੍ਹਾਂ ਦੀ ਕੋਈ ਲਿਖਤ ਨਹੀਂ ਕੀਤੀ ਗਈ ਅਤੇ ਨਾ ਹੀ ਕੋਈ ਭੇਟਾ ਲਈ ਗਈ ਸੀ। ਇਸੇ ਤਰ੍ਹਾਂ ਇਨ੍ਹਾਂ ਵੱਲੋਂ 450 ਸਰੂਪ ਕੈਨੇਡਾ ਟੋਰਾਂਟੋ ਲਈ ਭੇਜੇ ਗਏ ਸਨ ਜਿਹੜੇ ਬੱਸ 'ਚ ਹੀ ਖਰਾਬ ਹੋ ਗਏ ਸਨ ਜਿਨ੍ਹਾਂ ਨੂੰ ਬਾਅਦ ਵਿਚ ਅਗਨ ਭੇਂਟ ਕਰਨਾ ਪਿਆ ਸੀ। ਜਦੋਂ ਅਸੀਂ ਮੋਰਚਾ ਲਗਾਇਆ ਸੀ ਉਸ ਸਮੇਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਸਾਨੂੰ ਸਿਰੇ ਫਿਰੇ ਦੱਸਿਆ ਗਿਆ ਸੀ ਅਤੇ ਉਨ੍ਹਾਂ ਨੇ ਸਾਡੇ ਮੋਰਚੇ 'ਚ ਸ਼ਾਮਲ ਆਗੂਆਂ 'ਤੇ ਰੱਜ ਕੇ ਡਾਂਗ ਫੇਰ ਕਰਨ ਦੀ ਗੱਲ ਆਖੀ ਸੀ। ਜਿਸ ਤੋਂ ਬਾਅਦ ਸਾਨੂੰ ਬਹੁਤ ਜ਼ਿਆਦਾ ਕੁੱਟਿਆ ਗਿਆ ਸੀ। ਸਾਡੀਆਂ ਦਸਤਾਰਾਂ ਰੋਲੀਆਂ ਗਈਆਂ, ਸਾਡੇ ਕਕਾਰ ਰੋਲੇ ਗਏ, ਸਾਡੇ ਪਰਸ ਖੋਏ ਗਏ ਅਤੇ ਸਾਡੇ ਮੋਬਾਇਲ ਫ਼ੋਨ ਵੀ ਨਹੀਂ ਮਿਲੇ ਅਤੇ ਸਾਡੇ 'ਤੇ ਬਹੁਤ ਜ਼ਿਆਦਾ ਤਸ਼ੱਦਦ ਕੀਤਾ ਗਿਆ। ਅਸੀਂ ਤਾਂ ਸਿਰਫ਼ 328 ਪਾਵਨ ਸਰੂਪਾਂ ਦੇ ਮਾਮਲੇ 'ਚ ਇਨਸਾਫ਼ ਮੰਗਣ ਲਈ ਗਏ ਸੀ।

ਸਤਿੰਦਰ ਕੋਹਲੀ ਸਬੰਧੀ ਬੋਲਦਿਆਂ ਉਨ੍ਹਾਂ ਕਿਹਾ ਕਿ ਕੋਹਲੀ ਸ਼੍ਰੋਮਣੀ ਕਮੇਟੀ ਅਤੇ ਬਾਦਲਾਂ ਦਾ ਹਿਸਾਬ ਰੱਖਦਾ ਸੀ। ਕੋਹਲੀ ਨੂੰ ਬਚਾਉਣ ਵਾਲੇ ਵੀ ਸ਼੍ਰੋਮਣੀ ਕਮੇਟੀ ਦੇ ਵਕੀਲ ਹਨ ਅਤੇ ਉਸ ਨੂੰ ਗਲਤ ਦੱਸਣ ਵਾਲੇ ਵੀ ਸ਼੍ਰੋਮਣੀ ਕਮੇਟੀ ਦੇ ਵਕੀਲ ਹੀ ਹਨ। ਬਾਬਾ ਦਿਲਬਾਗ ਸਿੰਘ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਤਾਰੀਫ਼ ਕਰਦਿਆਂ ਕਿਹਾ ਕਿ ਭਗਵੰਤ ਸਿੰਘ ਮਾਨ ਨੇ ਉਹ ਕਰ ਦਿਖਾਇਆ ਹੈ ਜੋ ਸਾਡੀਆਂ ਪੰਥਕ ਸਰਕਾਰਾਂ ਵੀ ਨਹੀਂ ਕਰ ਸਕੀਆਂ। ਉਨ੍ਹਾਂ ਵੱਲੋਂ ਲਾਪਤਾ 328 ਪਾਵਨ ਸਰੂਪਾਂ ਦੇ ਮਾਮਲੇ 'ਚ ਆਰੋਪੀਆਂ ਖ਼ਿਲਾਫ਼ ਮਾਮਲੇ ਵੀ ਦਰਜ ਕੀਤੇ ਅਤੇ ਕੁੱਝ ਵਿਅਕਤੀਆਂ ਨੂੰ ਫੜ ਕੇ ਅੰਦਰ ਵੀ ਕੀਤਾ ਹੈ। ਇਸ ਤੋਂ ਇਲਾਵਾ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸ੍ਰੀ ਅੰਮ੍ਰਿਤਸਰ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਅਤੇ ਸ੍ਰੀ ਤਲਵੰਡੀ ਸਾਬੋ ਨੂੰ ਪਵਿੱਤਰ ਸ਼ਹਿਰ ਐਲਾਨਿਆ ਗਿਆ ਹੈ।

ਬਾਬਾ ਦਿਲਬਾਗ ਸਿੰਘ ਨੇ ਅੱਗੇ ਦੱਸਿਆ ਕਿ ਜਿਹੜੇ ਗੁਰੂਘਰ 'ਚੋਂ ਅਸੀਂ ਲੰਗਰ ਛਕਦੇ ਸੀ ਉਸ ਨੂੰ ਵੀ ਸ਼੍ਰੋਮਣੀ ਕਮੇਟੀ ਵਾਲੇ ਆਪਣੇ ਕਹਿੰਦੇ ਸਨ ਅਤੇ ਕਹਿੰਦੇ ਸਨ ਕਿ ਸਾਡਾ ਖਾ ਗਏ, ਇਹ ਲੰਗਰ ਨੂੰ ਵੀ ਸ੍ਰੀ ਗੁਰੂ ਰਾਮ ਦਾਸ ਜੀ ਦਾ ਨਹੀਂ ਮੰਨਦੇ ਉਸ ਨੂੰ



ਆਪਣਾ ਹੀ ਮੰਨਦੇ ਹਨ। ਬਾਬਾ ਦਿਲਬਾਗ ਸਿੰਘ ਨੇ ਕਿਹਾ ਕਿ ਮੈਨੂੰ ਔਫਰਾਂ ਵੀ ਆਈਆਂ ਪਰ ਮੈਂ ਨਹੀਂ ਝੁਕਿਆ। ਮੈਨੂੰ ਸੁਖਬੀਰ ਸਿੰਘ ਬਾਦਲ ਦਾ ਖੁਦ ਫ਼ੋਨ ਆਇਆ ਸੀ ਅਤੇ ਮੈਨੂੰ ਆਖਿਆ ਗਿਆ ਸੀ ਕਿ ਹੋਟਲ ਵਿਚ ਆ ਜਾ ਬੈਠ ਕੇ ਗੱਲ ਕਰਦੇ ਹਾਂ ਪਰ ਮੈਂ ਨਹੀਂ ਗਿਆ ਅਤੇ ਨਾ ਹੀ ਮੈਂ ਵਿਕਿਆ। ਮੇਰੀ ਸਿਰਫ ਇਹੋ ਮੰਗ ਹੈ ਕਿ 328 ਪਾਵਨ ਸਰੂਪਾਂ ਬਾਰੇ ਸੰਗਤਾਂ ਨੂੰ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ ਕਿ ਉਹ ਗਏ ਕਿੱਥੇ। ਡੇਰਾ ਸਿਰਸਾ ਵਾਲੇ ਨੂੰ ਮੁਆਫ਼ੀ ਦੇਣ ਵਾਲਿਆਂ ਨੂੰ ਤਾਂ ਭਾਂਡੇ ਮਾਂਜਣ ਦੀ ਸੇਵਾ ਲਗਾਈ ਜਦੋਂ ਗੱਲ ਬਾਦਲ ਪਰਿਵਾਰ ਦੀ ਆਈ ਤਾਂ ਉਹ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਖੁਦ ਨੂੰ ਦੋਸ਼ੀ ਮੰਨ ਲੈਂਦੇ ਹਨ ਪਰ ਬਾਅਦ 'ਚ ਉਨ੍ਹਾਂ ਕਿਹਾ ਕਿ ਮੈਨੂੰ ਨੂੰ ਐਵੇਂ ਹੀ ਦੋਸ਼ੀ ਠਹਿਰਾਇਆ ਗਿਆ ਅਤੇ ਮੇਰਾ 328 ਲਾਪਤਾ ਪਾਵਨ ਸਰੂਪਾਂ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਦੇ ਦਖਲ ਤੋਂ ਬਾਅਦ ਲਾਪਤਾ 328 ਪਾਵਨ ਸਰੂਪਾਂ ਦੇ ਮਾਮਲੇ 'ਚ 16 ਵਿਅਕਤੀਆਂ ਦੇ ਖ਼ਿਲਾਫ਼ ਐਫ.ਆਈ.ਆਰ. ਦਰਜ ਕੀਤੀ ਜਾ ਚੁੱਕੀ ਹੈ ਜਦਿਕ ਕਈ ਵਿਅਕਤੀਆਂ ਨੂੰ ਗ੍ਰਿਫ਼ਤਾਰ ਵੀ ਕੀਤਾ ਜਾ ਚੁੱਕਿਆ ਹੈ ਅਤੇ ਬਾਕੀ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਬਾਬਾ ਦਿਲਬਾਗ ਸਿੰਘ ਨੇ ਕਿਹਾ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਤੋਂ ਲਾਪਤਾ ਸਰੂਪਾਂ ਦੇ ਮਾਮਲੇ 'ਚ ਇਨਸਾਫ਼ ਮਿਲਣ ਦੀ ਆਸ ਹੈ ਅਤੇ ਮੇਰੇ ਮਨ ਨੂੰ ਸਕੂਨ ਮਿਲਿਆ ਹੈ।

# ਕਬੱਡੀ ਖਿਡਾਰਨਾਂ ਨਾਲ ਕੀਤਾ ਵਾਅਦਾ ਨਿਭਾਇਆ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਜਨਵਰੀ INTERNATIONAL PAPER, 94636 01616 hardipchumber57@gmail.com



ਪੰਜਾਬੀ ਗਾਇਕ ਮਨਕੀਰਤ ਔਲਖ ਨੇ ਕਬੱਡੀ ਖਿਡਾਰਨਾਂ ਨਾਲ ਕੀਤਾ ਆਪਣਾ ਵਾਅਦਾ ਨਿਭਾ ਦਿੱਤਾ ਹੈ। ਮਨਕੀਰਤ ਔਲਖ ਨੇ ਆਪਣੇ ਵਾਅਦੇ ਅਨੁਸਾਰ ਕਬੱਡੀ ਖਿਡਾਰਨਾਂ ਨੂੰ ਵਿਆਹ ‘ਤੇ ਕਾਰਾਂ ਦਿੱਤੀਆਂ ਹਨ। ਦੱਸ ਦਈਏ ਕਿ ਗਾਇਕ ਨੇ ਪੰਜਾਬ ‘ਚ ਹੜ੍ਹ ਦੌਰਾਨ ਇਨ੍ਹਾਂ ਖਿਡਾਰਨਾਂ ਨਾਲ ਵਾਅਦਾ ਕੀਤਾ ਸੀ।

ਮਨਕੀਰਤ ਔਲਖ, ਰੂਪਾ ਸੁਹਾਣਾ ਅਤੇ ਉਨ੍ਹਾਂ ਦੀ ਟੀਮ ਵੱਲੋਂ ਮੋਹਾਲੀ ਦੇ ਗੁਰਦੁਆਰਾ ਸਾਹਿਬ ਸਿੰਘ ਸ਼ਹੀਦਾਂ ਵਿਖੇ ਇਨ੍ਹਾਂ ਕਬੱਡੀ ਖਿਡਾਰਨਾਂ ਨੂੰ ਸਵਿਫਟ ਕਾਰ ਦਿੱਤੀ ਗਈ ਅਤੇ ਨਾਲ ਹੀ ਇੱਕ ਕਬੱਡੀ ਖਿਡਾਰੀ ਨੂੰ ਵੀ ਆਈ-20 ਕਾਰ ਦੇ ਕੇ ਸਨਮਾਨਿਤ ਕੀਤਾ ਗਿਆ। ਨਵੇਂ ਸਾਲ ਦੀ ਸ਼ੁਰੂਆਤ ਦੇ ਨਾਲ ਮਨਕੀਰਤ ਔਲਖ ਨੇ ਕਬੱਡੀ ਖਿਡਾਰਨਾਂ ਰਾਜਨਦੀਪ ਸ਼ਰਮਾ ਅਤੇ ਜਸ ਸ਼ਰਮਾ ਨੂੰ ਸਵਿਫਟ ਕਾਰ ਤੋਹਫ਼ੇ ਵਜੋਂ ਦਿੱਤੀ ਹੈ। ਉੱਥੇ ਹੀ, ਕਬੱਡੀ ਖਿਡਾਰੀ ਜੁਝਾਰ ਸਿੰਘ ਨੂੰ ਆਈ-20 (i-20) ਕਾਰ ਦਿੱਤੀ ਹੈ।

2025 ਵਿੱਚ ਆਏ ਹੜ੍ਹਾਂ ਦੌਰਾਨ ਪ੍ਰਭਾਵਿਤ ਹੋਏ ਕਿਸਾਨਾਂ ਨੂੰ ਟਰੈਕਟਰ ਅਤੇ ਘਰ ਬਣਾਉਣ ਲਈ ਪੈਸੇ ਵੰਡੇ ਸਨ। ਉਸ ਸਮੇਂ ਉਨ੍ਹਾਂ ਕਿਹਾ ਸੀ ਕਿ ਉਹ ਪੰਜਾਬੀਆਂ ਦੀ ਹਰ ਪੱਖੋਂ ਸੰਭਵ ਮਦਦ ਕਰਨਗੇ। ਇਸ ਦੌਰਾਨ, ਮਾਨਸਾ ਦੀਆਂ ਕੁੜੀਆਂ, ਜੋ ਕਿ ਕਬੱਡੀ ਖਿਡਾਰਨਾਂ ਸਨ, ਨੇ ਇੱਕ ਵੀਡੀਓ ਬਣਾਈ ਅਤੇ ਸੋਸ਼ਲ ਮੀਡੀਆ ਰਾਹੀਂ ਮਦਦ ਦੀ ਅਪੀਲ ਕੀਤੀ ਸੀ ਅਤੇ ਆਪਣੇ ਘਰ ਦੀ ਇੱਕ ਵੀਡੀਓ ਵੀ ਸਾਂਝੀ ਕੀਤੀ ਸੀ, ਜੋ ਪੂਰੀ ਤਰ੍ਹਾਂ ਤਬਾਹ ਹੋ ਗਿਆ ਸੀ। ਫਿਰ ਮਨਕੀਰਤ ਔਲਖ ਨੇ ਉਸਦੇ ਇਲਾਕੇ ਦਾ ਦੌਰਾ ਕੀਤਾ ਅਤੇ ਉਸਦੇ ਘਰ ਨੂੰ ਦੁਬਾਰਾ ਬਣਾਉਣ ਲਈ ਲਗਭਗ 5 ਲੱਖ ਰੁਪਏ ਦੀ ਮਦਦ ਕੀਤੀ ਸੀ ਅਤੇ ਵਿਆਹ ਲਈ ਉਨ੍ਹਾਂ ਨੂੰ ਇੱਕ ਕਾਰ ਦੇਣ ਦਾ ਵਾਅਦਾ ਵੀ ਕੀਤਾ ਸੀ, ਜਿਸ ਨੂੰ ਹੁਣ ਉਸਨੇ ਪੂਰਾ ਕਰ ਦਿੱਤਾ ਹੈ।

# ਸੱਤਾ ‘ਚ ਆਉਂਦੇ ਹੀ ਸਭ ਤੋਂ ਪਹਿਲਾਂ ਭਗਵੰਤ ਮਾਨ ਨੂੰ ਦੇਵਾਂਗੇ ਸਜ਼ਾ, ਕਟਹਿਰੇ ‘ਚ ਕਰਾਂਗੇ ਖੜ੍ਹਾ’- ਪ੍ਰਤਾਪ ਬਾਜਵਾ ਦਾ ਵੱਡਾ ਬਿਆਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਜਨਵਰੀ INTERNATIONAL PAPER, 94636 01616 hardipchumber57@gmail.com

ਗੁਰਦਾਸਪੁਰ 8 ਜਨਵਰੀ 2026- : ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਮੁੱਖ ਮੰਤਰੀ ਭਗਵੰਤ ਮਾਨ ਵਿਰੁੱਧ ਸਿੱਧੇ ਤੌਰ ‘ਤੇ ਜੰਗ ਦਾ ਐਲਾਨ ਕਰ ਦਿੱਤਾ ਹੈ। ਗੁਰਦਾਸਪੁਰ ਵਿਖੇ ਆਯੋਜਿਤ ਇੱਕ ਵਿਸ਼ਾਲ ਰੈਲੀ ਨੂੰ ਸੰਬੋਧਨ ਕਰਦਿਆਂ ਬਾਜਵਾ ਨੇ ਕਿਹਾ ਕਿ ਜੇਕਰ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਬਣਦੀ ਹੈ, ਤਾਂ ਉਨ੍ਹਾਂ ਦੇ ਪਹਿਲਾ ਨਿਸ਼ਾਨੇ ‘ਤੇ ਮੁੱਖ ਮੰਤਰੀ ਭਗਵੰਤ ਮਾਨ ਹੋਣਗੇ।

## “ਬਾਕੀਆਂ ਦੀ ਗੱਲ ਬਾਅਦ ਵਿੱਚ, ਪਹਿਲਾਂ ਮਾਨ ‘ਤੇ ਹੋਵੇਗੀ ਕਾਰਵਾਈ”

ਪ੍ਰਤਾਪ ਬਾਜਵਾ ਨੇ ਰੈਲੀ ਦੌਰਾਨ ਤਿੱਖੇ ਤੇਵਰ ਦਿਖਾਉਂਦਿਆਂ ਕਿਹਾ ਕਿ ਕਾਂਗਰਸ ਸਰਕਾਰ ਦੇ ਸੱਤਾ ਵਿੱਚ ਆਉਣ ‘ਤੇ ਸਭ ਤੋਂ ਪਹਿਲਾ ਫੈਸਲਾ ਭਗਵੰਤ ਮਾਨ ਦੇ ਖਿਲਾਫ ਲਿਆ ਜਾਵੇਗਾ। ਉਨ੍ਹਾਂ ਕਿਹਾ, “ਅਸੀਂ ਬਾਕੀਆਂ ਦੀ ਗੱਲ ਬਾਅਦ ਵਿੱਚ ਕਰਾਂਗੇ, ਪਹਿਲਾਂ ਭਗਵੰਤ ਮਾਨ ਨੂੰ ਕਟਹਿਰੇ ਵਿੱਚ ਖੜ੍ਹਾ ਕਰਕੇ ਸਜ਼ਾ ਦੇਵਾਂਗੇ।”

ਬਾਜਵਾ ਨੇ ਸਪੱਸ਼ਟ ਕੀਤਾ ਕਿ ਸਰਕਾਰ ਬਣਨ ‘ਤੇ ਕਿਸੇ ਹੋਰ ਵਿਰੁੱਧ ਕਾਰਵਾਈ ਕਰਨ ਤੋਂ ਪਹਿਲਾਂ ਮੁੱਖ ਮੰਤਰੀ ਮਾਨ ‘ਤੇ ਸ਼ਿਕੰਜਾ ਕੱਸਿਆ ਜਾਵੇਗਾ। ਉਨ੍ਹਾਂ ਵਾਰ-ਵਾਰ ਦੁਹਰਾਇਆ ਕਿ ਪਹਿਲੀ ਸਜ਼ਾ ਭਗਵੰਤ ਮਾਨ ਨੂੰ ਦਿੱਤੀ ਜਾਵੇਗੀ। ਬਾਜਵਾ ਨੇ ਦੋਸ਼ ਲਾਇਆ ਕਿ ਮਾਨ ਸਰਕਾਰ ਦੀਆਂ ਨੀਤੀਆਂ ਨੇ ਪੰਜਾਬ ਦਾ ਨੁਕਸਾਨ ਕੀਤਾ ਹੈ ਅਤੇ ਇਸ ਦਾ ਹਿਸਾਬ ਲਿਆ ਜਾਵੇਗਾ।

## ਗੁਰਦਾਸਪੁਰ ‘ਚ ਗਰਜੇ ਬਾਜਵਾ



ਜ਼ਿਕਰਯੋਗ ਹੈ ਕਿ ਪ੍ਰਤਾਪ ਸਿੰਘ ਬਾਜਵਾ ਅੱਜ ਗੁਰਦਾਸਪੁਰ ਵਿਖੇ ਕਾਂਗਰਸ ਦੀ ਰੈਲੀ ਨੂੰ ਸੰਬੋਧਨ ਕਰਨ ਪਹੁੰਚੇ ਸਨ। ਇੱਥੇ ਉਨ੍ਹਾਂ ਨੇ ਸੂਬਾ ਸਰਕਾਰ ਦੀ ਕਾਰਜਪ੍ਰਣਾਲੀ ‘ਤੇ ਸਵਾਲ ਚੁੱਕਦਿਆਂ ਆਪਣੇ ਵਰਕਰਾਂ ਵਿੱਚ ਨਵਾਂ ਜੋਸ਼ ਭਰਿਆ।

# ਕਾਂਗਰਸ ਪਾਰਟੀ ਨੇ ਮਨਰੇਗਾ ਸਕੀਮ ਵਿੱਚ ਕੀਤੀਆਂ ਗਈਆਂ ਤਬਦੀਲੀਆਂ ਦੇ ਵਿਰੋਧ ਵਿੱਚ ਕੀਤੀ ਮਹਾਂਰੈਲੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਜਨਵਰੀ INTERNATIONAL PAPER, 94636 01616 hardipchumber57@gmail.com



ਕੇਂਦਰ ਸਰਕਾਰ ਵੱਲੋਂ ਮਨਰੇਗਾ ਸਕੀਮ ਵਿੱਚ ਕੀਤੀਆਂ ਗਈਆਂ ਤਬਦੀਲੀਆਂ ਦਾ ਵਿਰੋਧ ਕਰਨ ਲਈ, ਕਾਂਗਰਸ ਪਾਰਟੀ ਨੇ ਗੁਰਦਾਸਪੁਰ ਦੇ ਦਾਣਾ ਮੰਡੀ ਵਿਖੇ ਇੱਕ ਰਾਜ ਪੱਧਰੀ “ਮਨਰੇਗਾ ਬਚਾਓ” ਰੈਲੀ ਦਾ ਆਯੋਜਨ ਕੀਤਾ। ਰੈਲੀ ਵਿੱਚ ਪੰਜਾਬ ਕਾਂਗਰਸ ਇੰਚਾਰਜ ਭੁਪੇਸ਼ ਬਘੇਲ,ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਅਤੇ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ , ਸਾਬਕਾ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਅਰੁਣਾ ਚੌਧਰੀ, ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਸ਼ਿਰਕਤ ਕੀਤੀ ਅਤੇ ਭਾਜਪਾ ਨੂੰ ਮਜ਼ਦੂਰ ਵਿਰੋਧੀ ਦੱਸਿਆ।

ਪੰਜਾਬ ਕਾਂਗਰਸ ਇੰਚਾਰਜ ਭੁਪੇਸ਼ ਬਘੇਲ ਅਤੇ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਚਲਾਕੀ ਨਾਲ ਮਨਰੇਗਾ ਸਕੀਮ ਤਹਿਤ ਫੰਡਾਂ ਦਾ ਆਪਣਾ ਹਿੱਸਾ 90 ਪ੍ਰਤੀਸ਼ਤ ਤੋਂ ਘਟਾ ਕੇ 60 ਪ੍ਰਤੀਸ਼ਤ ਕਰ ਦਿੱਤਾ ਹੈ, ਜਿਸਦੇ ਨਤੀਜੇ ਵਜੋਂ ਰਾਜ ਸਰਕਾਰਾਂ 10 ਪ੍ਰਤੀਸ਼ਤ ਦੀ ਬਜਾਏ 40 ਪ੍ਰਤੀਸ਼ਤ ਦਾ ਯੋਗਦਾਨ ਪਾ ਰਹੀਆਂ ਹਨ। ਪੰਜਾਬ ਸਰਕਾਰ ਪਹਿਲਾਂ ਹੀ ₹4.05 ਲੱਖ ਕਰੋੜ ਦੇ ਕਰਜ਼ੇ ਨਾਲ ਦੱਬੀ ਹੋਈ ਹੈ। ਪੰਜਾਬ ਇਸ ਰਕਮ ਦਾ ਭੁਗਤਾਨ ਕਰਨ ਦੇ ਯੋਗ ਨਹੀਂ ਹੋਵੇਗਾ, ਜਿਸ ਕਾਰਨ ਮਨਰੇਗਾ ਸਕੀਮ ਪੂਰੀ ਤਰ੍ਹਾਂ ਬੰਦ ਹੋ ਜਾਵੇਗੀ, ਜਿਸ ਨਾਲ ਕੋਈ ਵੀ ਗਰੀਬ ਮਜ਼ਦੂਰ ਰੁਜ਼ਗਾਰ ਤੋਂ ਬਿਨਾਂ ਨਹੀਂ ਰਹੇਗਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਗਰੀਬਾਂ ਦੀਆਂ ਥਾਲੀਆਂ ਵਿੱਚੋਂ ਰੋਟੀ ਖੋਹਣ ਲਈ ਪੂਰੀ ਤਰ੍ਹਾਂ ਤਿਆਰ ਹੈ, ਅਤੇ ਕਾਂਗਰਸ ਨੇ ਇਸ ਵਿਰੁੱਧ ਵਿਰੋਧ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਜਨਤਾ ਨੂੰ ਇਸ ਵਿਰੁੱਧ ਵਿਰੋਧ ਪ੍ਰਦਰਸ਼ਨ ਕਰਨ ਦੀ ਅਪੀਲ ਕੀਤੀ। ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪੰਜਾਬ ਸਰਕਾਰ ‘ਤੇ ਜ਼ੁਬਾਨੀ ਹਮਲਾ ਕਰਦੇ ਹੋਏ ਕਿਹਾ ਕਿ ਜੇਲ੍ਹਾਂ ਵਿੱਚ ਬੰਦ ਗੈਂਗਸਟਰਾਂ ਨੂੰ ਜੇਲ੍ਹ ਵਿੱਚ ਹੀ ਖਤਮ ਕਰ ਦੇਣਾ ਚਾਹੀਦਾ ਹੈ। ਉਨ੍ਹਾਂ ਦੇ ਪਰਿਵਾਰਾਂ ਨੂੰ ਵੀ ਸਲਾਖਾਂ ਪਿੱਛੇ ਸੁੱਟਣਾ ਚਾਹੀਦਾ ਹੈ। ਤਦ ਹੀ ਗੈਂਗਸਟਰਾਂ ਦਾ ਖਾਤਮਾ ਹੋਵੇਗਾ। ਉਨ੍ਹਾਂ ਦਿੱਲੀ ਤੋਂ ਆਮ ਆਦਮੀ ਪਾਰਟੀ ਦੇ ਸਾਬਕਾ ਮੁੱਖ ਮੰਤਰੀ ਆਤਿਸ਼ੀ ਵੱਲੋਂ ਦਿੱਤੇ ਗਏ ਬਿਆਨ ਦੀ ਵੀ ਆਲੋਚਨਾ ਕੀਤੀ, ਇਸਨੂੰ ਬਹੁਤ ਹੀ ਖੋਖਲਾ ਬਿਆਨ ਦੱਸਿਆ।

# ਪੁਲਿਸ ਨੇ ਖਾਲੀ ਕਰਵਾਇਆ ਲੁਧਿਆਣਾ ਕੋਰਟ ਕੰਪਲੈਕਸ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਜਨਵਰੀ INTERNATIONAL PAPER, 94636 01616 hardipchumber57@gmail.com



ਪੰਜਾਬ ਭਰ ਦੇ ਵੱਖ-ਵੱਖ ਸ਼ਹਿਰਾਂ ਵਿੱਚ ਈਮੇਲ ਰਾਹੀਂ ਮਿਲੀਆਂ ਬੰਬ ਧਮਕੀਆਂ ਦੇ ਮੱਦੇਨਜ਼ਰ ਲੁਧਿਆਣਾ ਪੁਲਿਸ ਹਾਈ ਅਲਰਟ ‘ਤੇ ਹੈ। ਜਾਣਕਾਰੀ ਮਿਲੀ ਹੈ ਕਿ ਪੁਲਿਸ ਨੇ ਅੱਜ ਲੁਧਿਆਣਾ ਵਿੱਚ ਕੋਰਟ ਕੰਪਲੈਕਸ ਖਾਲੀ ਕਰਵਾ ਲਿਆ ਹੈ। ਬਾਰ ਐਸੋਸੀਏਸ਼ਨ ਨੇ ਸਾਰੇ ਮੈਂਬਰਾਂ ਨੂੰ ਅਪੀਲ ਕੀਤੀ ਹੈ ਕਿ ਜਦੋਂ ਪੁਲਿਸ ਕਾਰਵਾਈ ਕਰ ਰਹੀ ਹੈ ਤਾਂ ਉਹ ਉਸ ਪਾਸੇ ਨਾ ਜਾਣ ਅਤੇ ਪੁਲਿਸ ਨੂੰ ਕਾਰਵਾਈ ‘ਚ ਸਹਿਯੋਗ ਦੇਣ।

ਜ਼ਿਕਰਯੋਗ ਹੈ ਕਿ ਅੱਜ ਸਵੇਰ ਤੋਂ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਈਮੇਲ ਰਾਹੀਂ ਬੰਬ ਧਮਕੀਆਂ ਮਿਲ ਰਹੀਆਂ ਹਨ। ਜਿਸ ਕਾਰਨ ਪੰਜਾਬ ਪੁਲਿਸ ਅਲਰਟ ‘ਤੇ ਹੈ। ਅੱਜ ਹੀ ਸਵੇਰੇ ਪੰਜਾਬ ਦੀਆਂ ਚਾਰ ਜ਼ਿਲ੍ਹਾ ਅਦਾਲਤਾਂ ਫਿਰੋਜ਼ਪੁਰ, ਮੋਗਾ, ਫਰੀਦਕੋਟ ਅਤੇ ਰੋਪੜ ਨੂੰ ਈਮੇਲ ਰਾਹੀਂ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਜਿਸ ਤੋਂ ਬਾਅਦ ਪੁਲਿਸ ਸਾਵਧਾਨੀ ਵੱਜੋਂ ਅਲਰਟ ‘ਤੇ ਚੱਲ ਰਹੀ ਹੈ।

# ਸਲੂਨ ਮਾਲਕ ਨੇ ਪੂਰਾ ਪਰਿਵਾਰ ਖਤਮ ਕਰਕੇ ਕੀਤੀ ਖ਼ੁਦਕੁਸ਼ੀ

ਸਲੂਨ ਮਾਲਕ ਨੇ ਪੂਰਾ ਪਰਿਵਾਰ ਖਤਮ ਕਰਕੇ ਕੀਤੀ ਖ਼ੁਦਕੁਸ਼ੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਜਨਵਰੀ INTERNATIONAL PAPER, 94636 01616 hardipchumber57@gmail.com



ਫਿਰੋਜ਼ਪੁਰ ‘ਚ ਇੱਕ ਦਿਲ ਦਹਿਲਾਉਣ ਵਾਲੀ ਘਟਨਾ ਸਾਹਮਣੇ ਆਈ ਹੈ। ਇੱਥੇ ਇੱਕ ਸਲੂਨ ਮਾਲਕ ਨੇ ਆਪਣਾ ਪੂਰਾ ਪਰਿਵਾਰ ਖਤਮ ਕਰਕੇ ਖੁਦ ਵੀ ਖ਼ੁਦਕੁਸ਼ੀ ਕਰ ਲਈ। ਸਲੂਨ ਮਾਲਕ ਦੀ ਪਹਿਚਾਣ ਮਾਹੀ ਸੋਢੀ ਵੱਜੋਂ ਹੋਈ ਹੈ।

ਮਿਲੀ ਜਾਣਕਾਰੀ ਅਨੁਸਾਰ ਮ੍ਰਿਤਕ ਸਲੂਨ ਮਾਲਕ ਮਾਹੀ ਸੋਢੀ ਨੇ ਪਹਿਲਾਂ ਆਪਣੀ ਪਤਨੀ ਅਤੇ ਦੋ ਬੱਚਿਆਂ ਨੂੰ ਗੋਲੀ ਮਾਰੀ ਫੇਰ ਖੁਦ ਵੀ ਆਪਣੀ ਜੀਵਨਲੀਲਾ ਸਮਾਪਤ ਕਰ ਲਈ। ਫਿਰੋਜ਼ਪੁਰ ਦੇ ਹਰਮਨ ਨਗਰ ਇਲਾਕੇ ਵਿੱਚ ਬੀਤੀ ਰਾਤ ਇਕ ਦਰਦਨਾਕ ਘਟਨਾ ਸਾਹਮਣੇ ਆਈ ਹੈ। ਸ਼ਹਿਰ ਦੇ ਮਸ਼ਹੂਰ ਮਾਹੀ ਸੈਲੂਨ ਦੇ ਮਾਲਕ ਅਮਨਦੀਪ ਸਿੰਘ ਉਰਫ਼ ਮਾਹੀ ਨੇ ਆਪਣੀ ਪਤਨੀ ਮਨਵੀਰ ਕੌਰ ਅਤੇ ਦੋ ਮਾਸੂਮ ਬੱਚਿਆਂ (ਉਮਰ ਕਰੀਬ 6 ਅਤੇ 10 ਸਾਲ) ਨੂੰ ਗੋਲੀ ਮਾਰਨ ਤੋਂ ਬਾਅਦ ਖ਼ੁਦਕੁਸ਼ੀ ਕਰ ਲਈ ਹੈ।

ਉਪਰਲੀ ਮੰਜ਼ਿਲ ’ਤੇ ਰਹਿ ਰਹੇ ਕਿਰਾਏਦਾਰਾਂ ਦੇ ਮੁਤਾਬਕ ਕਾਫ਼ੀ ਸਮੇਂ ਤੱਕ ਜਦੋਂ ਮਕਾਨ ਮਾਲਕ ਅਮਨਦੀਪ ਸਿੰਘ ਅਤੇ ਉਸਦਾ ਪਰਿਵਾਰ ਨਜ਼ਰ ਨਹੀਂ ਆਇਆ ਤਾਂ ਉਨ੍ਹਾਂ ਵੱਲੋਂ ਦਰਵਾਜ਼ਾ ਖੋਲਣ ਦੀ ਕੋਸ਼ਿਸ਼ ਕੀਤੀ ਗਈ ਅਤੇ ਸ਼ੱਕ ਹੋਣ ’ਤੇ ਆਸ-ਪਾਸ ਦੇ ਮੁਹੱਲਾ ਨਿਵਾਸੀਆਂ ਨੂੰ ਸੂਚਿਤ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਮੁਹੱਲਾ ਨਿਵਾਸੀਆਂ ਦੀ ਮਦਦ ਨਾਲ ਘਰ ਅੰਦਰ ਦਾਖਲ ਹੋਣ ’ਤੇ ਚਾਰਾਂ ਦੀਆਂ ਲਾਸ਼ਾਂ ਪਈਆਂ ਮਿਲੀਆਂ, ਜਿਸ ਤੋਂ ਬਾਅਦ ਤੁਰੰਤ ਪੁਲੀਸ ਨੂੰ ਸੂਚਨਾ ਦਿੱਤੀ ਗਈ। ਪੁਲੀਸ ਨੇ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਫ਼ਰੀਦਕੋਟ ਕੋਰਟ ਕੰਪਲੈਕਸ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਜਨਵਰੀ INTERNATIONAL PAPER, 94636 01616 hardipchumber57@gmail.com

ਅੱਜ ਪੰਜਾਬ ਦੇ ਤਿੰਨ ਜ਼ਿਲ੍ਹਿਆਂ ਦੀਆਂ ਕੋਰਟ ਕੰਪਲੈਕਸਾਂ (Breaking) ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਇਸ ਤੋਂ ਪਹਿਲਾਂ ਸਵੇਰੇ ਫਿਰੋਜ਼ਪੁਰ ਅਤੇ ਮੋਗਾ ਦੇ ਕੋਰਟ ਕੰਪਲੈਕਸਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਸੀ। ਪਰ ਹੁਣ ਇਹ ਵੀ ਖਬਰ ਸਾਹਮਣੇ ਆ ਰਹੀ ਹੈ ਕਿ ਫ਼ਰੀਦਕੋਟ ਦੇ ਕੋਰਟ ਕੰਪਲੈਕਸ ਨੂੰ ਵੀ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ।

ਧਮਕੀ ਦੀ ਖਬਰ ਮਿਲਣ ਤੋਂ ਬਾਅਦ ਪੁਲਿਸ ਵੱਲੋਂ ਫ਼ਰੀਦਕੋਟ ਕੋਰਟ ਕੰਪਲੈਕਸ ਦੀ ਤਲਾਸ਼ੀ ਲਈ ਜਾ ਰਹੀ ਹੈ। ਹਾਲਾਂਕਿ ਕਿ ਕੋਰਟ ਕੰਪਲੈਕਸ ਨੂੰ ਖਾਲੀ ਕਰਨ ਨੂੰ ਲੈ ਕੇ ਕੋਈ ਵੀ ਹੁਕਮ ਜਾਰੀ ਨਹੀਂ ਕੀਤੇ ਗਏ ਹਨ, ਪਰ ਚੈਕਿੰਗ ਅਤੇ ਸਰਚ ਮੁਹਿੰਮ ਜਾਰੀ ਹੈ।

ਇਸ ਦੇ ਨਾਲ ਹੀ ਇਹ ਵੀ ਜਾਣਕਾਰੀ ਮਿਲੀ ਹੈ ਕਿ ਰੋਪੜ ਕੋਰਟ ਕੰਪਲੈਕਸ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਕੋਰਟ ਕੰਪਲੈਕਸ ਦੀ ਤਲਾਸ਼ੀ ਲਈ ਜਾ ਰਹੀ ਹੈ ਅਤੇ ਸਰਚ ਮੁਹਿੰਮ ਜਾਰੀ ਹੈ।

ਪੁਲਿਸ ਟੀਮਾਂ ਕੋਰਟ ਕੰਪਲੈਕਸਾਂ ਦੀ ਜਾਂਚ ਕਰ ਰਹੀਆਂ ਹਨ। ਹਰ ਸ਼ੱਕੀ ਗਤੀਵਿਧੀ ‘ਤੇ ਪੁਲਿਸ ਵੱਲੋਂ ਨਜ਼ਰ ਰੱਖੀ ਜਾ ਰਹੀ ਹੈ। ਜਾਣਕਾਰੀ ਅਨੁਸਾਰ ਕੋਰਟ ਕੰਪਲੈਕਸ ਫਰੀਦਕੋਟ, ਫਿਰੋਜ਼ਪੁਰ ਅਤੇ ਮੋਗਾ ‘ਚ ਪੁਲਿਸ ਵੱਲੋਂ ਡੋਗ ਸਕੁਆਇਡ ਅਤੇ ਬੰਬ ਨਿਰੋਧਕ ਦਸਤੇ ਵੱਲੋਂ ਸਰਚ ਆਪਰੇਸ਼ਨ ਚਲਾਇਆ ਜਾ ਰਿਹਾ ਹੈ।

ਜਾਣਕਾਰੀ ਅਨੁਸਾਰ ਕਿਸੇ ਅਣਪਛਾਤੇ ਵਿਅਕਤੀ ਦੁਆਰਾ ਈਮੇਲਾਂ ਭੇਜ ਕੇ ਇਹ ਧਮਕੀ (Breaking) ਦਿੱਤੀ ਗਈ ਹੈ ਕਿ ਫ਼ਰੀਦਕੋਟ, ਫਿਰੋਜ਼ਪੁਰ, ਰੋਪੜ ਅਤੇ ਮੋਗਾ ਕੋਰਟ ਕੰਪਲੈਕਸਾਂ ਨੂੰ ਆਰਡੀਐਕਸ ਨਾਲ ਉਡਾ ਦਿੱਤਾ ਜਾਵੇਗਾ। ਪੁਲਿਸ ਇਸ ਈਮੇਲਾਂ ਦੀ ਜਾਂਚ ਰਹੀ ਹੈ ਅਤੇ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਇਹ ਈਮੇਲ ਕਿਸ ਨੇ ਭੇਜੀ ਹੈ।

# ਰੋਪੜ ਅਦਾਲਤ ਨੂੰ ਬੰਬ ਨਾਲ ਉਡਾਉਣ ਦੀ ਧਮਕੀ

## ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਿਸ ਪ੍ਰਸ਼ਾਸਨ ਤੁਰੰਤ ਹਰਕਤ ਵਿੱਚ ਆਇਆ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਜਨਵਰੀ INTERNATIONAL PAPER, 94636 01616 hardipchumber57@gmail.com

ਵੀਰਵਾਰ ਨੂੰ ਰੋਪੜ ਅਦਾਲਤ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲਣ ਤੋਂ ਬਾਅਦ ਅਦਾਲਤ ਨੂੰ ਖਾਲੀ ਕਰਵਾ ਲਿਆ ਗਿਆ ਅਤੇ ਸਟਾਫ ਨੂੰ ਛੁੱਟੀ ਕਰ ਦਿੱਤੀ ਗਈ। ਵੀਰਵਾਰ ਸਵੇਰੇ ਰੋਪੜ ਅਦਾਲਤ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲਣ ਤੋਂ ਬਾਅਦ ਜਿਲਾ ਪ੍ਰਸ਼ਾਸਨ ਅਤੇ ਪੁਲਿਸ ਪ੍ਰਸ਼ਾਸਨ ਤੁਰੰਤ ਹਰਕਤ ਵਿੱਚ ਆਇਆ ਅਤੇ ਰੋਪੜ ਅਦਾਲਤ ਵਿੱਚ ਕੰਮ ਕਰ ਰਹੇ ਸਾਰੇ ਮੁਲਾਜ਼ਮਾਂ ਅਤੇ ਕੋਰਟ ਵਿੱਚ ਪੇਸ਼ੀ ਭੁਗਤਣ ਆਈ ਲੋਕਾਂ ਅਤੇ ਹੋਰ ਵਕੀਲ ਭਾਈਚਾਰੇ ਨੂੰ ਰੋਪੜ ਅਦਾਲਤ ਵਿੱਚੋਂ ਬਾਹਰ ਜਿਸ ਤੋਂ ਬਾਅਦ ਰੋਪੜ ਅਦਾਲਤ ਦਾ ਕੰਮ ਪ੍ਰਭਾਵਿਤ ਹੋ ਗਿਆ। ਮੌਕੇ ਤੇ ਪਹੁੰਚੇ ਰੋਪੜ ਦੇ ਐਸਐਸਪੀ ਗੁਲਜੀਤ ਸਿੰਘ ਖੁਰਾਣਾ ਅਤੇ ਸਮੂਹ ਪੁਲਿਸ ਅਧਿਕਾਰੀਆਂ ਵੱਲੋਂ ਰੋਪੜ ਅਦਾਲਤ ਦੀ ਬਾਰੀਕੀ ਨਾਲ ਜਾਂਚ ਕੀਤੀ ਗਈ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 08 ਜਨਵਰੀ
INTERNATIONAL PAPER, 9463601616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਬਾਬਾ ਸਾਹਿਬ ਕਹਿੰਦੇ ਹਨ

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੇ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਬੁੱਧ ਨੇ ਵਰਨਾਸ਼ਰਮ ਧਰਮ ਨੂੰ ਰੱਦ ਕਰ ਦਿੱਤਾ ਸੀ।

ਬੁੱਧ ਜਯੰਤੀ 19,20 ਅਤੇ 21 ਮਈ, 1951 ਨੂੰ ਨਵੀਂ ਦਿੱਲੀ ਵਿੱਚ ਦਿੱਲੀ ਅਨੁਸੂਚਿਤ ਜਾਤੀ ਭਲਾਈ ਐਸੋਸੀਏਸ਼ਨ ਅਤੇ ਭਾਰਤੀ ਮਹਾਬੋਧੀ ਸੁਸਾਇਟੀ ਦੀ ਸਾਂਝੀ ਸਰਪ੍ਰਸਤੀ ਹੇਠ ਬਹੁਤ ਧੂਮਧਾਮ ਨਾਲ ਮਨਾਈ ਗਈ ਸੀ।

19 ਤਰੀਕ ਨੂੰ ਸ਼ਨੀਵਾਰ ਨੂੰ ਦਿੱਲੀ ਵਿੱਚ ਇੱਕ ਵਿਸ਼ਾਲ ਜਲੂਸ ਕੱਢਿਆ ਗਿਆ। ਇਹ ਜਲੂਸ ਰੀਡਿੰਗ ਰੋਡ, ਬੁੱਧਾ ਵਿਹਾਰ,



ਇਰਵਿਨ ਰੋਡ, ਕਨਾਟ ਸਰਕਲ, ਪੰਚਕੂਆ ਰੋਡ ਤੋਂ ਲੰਘਿਆ ਅਤੇ ਦਿੱਲੀ ਅਨੁਸੂਚਿਤ ਜਾਤੀ ਭਲਾਈ ਐਸੋਸੀਏਸ਼ਨ ਦੇ ਅੰਬੇਡਕਰ ਭਵਨ ਨੇੜੇ ਮੈਦਾਨ 'ਤੇ ਸਮਾਪਤ ਹੋਇਆ।

ਐਤਵਾਰ 20 ਤਰੀਕ ਨੂੰ ਇੱਕ ਵੱਡੀ ਮੀਟਿੰਗ ਹੋਈ ਸੀ। ਇਸ ਮੀਟਿੰਗ ਦੀ ਪ੍ਰਧਾਨਗੀ ਭਾਰਤ ਵਿੱਚ ਫਰਾਂਸੀਸੀ ਵਕੀਲ ਨੇ ਕੀਤੀ। ਇਸ ਮੀਟਿੰਗ ਵਿੱਚ ਭਾਰਤ ਵਿੱਚ ਫਿਨਲੈਂਡ ਦੇ ਨੁਮਾਇੰਦੇ ਨਾ ਹਾਗੋ ਵਾਲਵਨ, ਬਰਮਾ ਦੇ ਕੌਂਸਲ ਜਨਰਲ ਨਾ ਟਿਨ ਮੰਗ ਗੀ, ਸੀਲੋਨ ਦੇ ਹਾਈ ਕਮਿਸ਼ਨਰ ਨਾ ਕੁਮਾਰਾਸਵਾਮੀ, ਨਾਗਪੁਰ ਦੇ ਪ੍ਰੋਫੈਸਰ ਕੁਲਕਰਨੀ ਨੇ ਹਿੱਸਾ ਲਿਆ। ਡਾ. ਬਾਬਾ ਸਾਹਿਬ ਅੰਬੇਡਕਰ ਨੇ ਕਿਹਾ:

ਸ਼੍ਰੀਮਾਨ ਸਭਾਪਤੀ ਜੀ, ਦੇਵੀਓ ਅਤੇ ਸੱਜਣੋ,

ਤੁਸੀਂ ਇੱਥੇ ਆਉਣ ਵਿੱਚ ਦੋ-ਤਿੰਨ ਘੰਟੇ ਬਿਤਾਏ ਹੋਣਗੇ ਅਤੇ ਇਹ ਸਪੱਸ਼ਟ ਹੈ ਕਿ ਤੁਸੀਂ ਆਪਣੇ ਘਰ ਵਾਪਸ ਜਾਣ ਦੀ ਕਾਹਲੀ ਵਿੱਚ ਹੋਵੋਗੇ। ਇਸ ਲਈ ਇਸ ਵਿੱਚ ਜ਼ਿਆਦਾ ਸਮਾਂ ਨਹੀਂ ਲੱਗੇਗਾ। ਮੇਰੇ ਤੋਂ ਪਹਿਲਾਂ ਦੇ ਬੁਲਾਰਿਆਂ ਨੇ ਭਗਵਾਨ ਬੁੱਧ ਦੇ ਚਰਿੱਤਰ ਬਾਰੇ ਬਹੁਤ ਸਾਰੀਆਂ ਗੱਲਾਂ ਕਹੀਆਂ ਹਨ। ਮੈਨੂੰ ਤੁਹਾਨੂੰ ਦੱਸਣ ਦੀ ਜ਼ਰੂਰਤ ਨਹੀਂ ਹੈ ਕਿ ਮੈਂ ਅੱਜ ਤੁਹਾਨੂੰ ਕੀ ਦੱਸਣਾ ਚਾਹੁੰਦਾ ਹਾਂ। ਅਜਿਹਾ ਨਹੀਂ ਹੈ ਕਿ ਅੱਜ ਤੋਂ ਬਾਅਦ ਅਸੀਂ ਨਹੀਂ ਮਿਲਾਂਗੇ। ਅਸੀਂ ਵਾਰ-ਵਾਰ ਮਿਲਾਂਗੇ। ਇਸ ਦੇ ਬਾਵਜੂਦ, ਬਹੁਤ ਸਾਰੇ ਲੋਕ ਜ਼ੋਰ ਦਿੰਦੇ ਹਨ ਕਿ ਮੈਨੂੰ ਕੁਝ ਕਹਿਣਾ ਹੈ, ਇਸ ਲਈ ਮੈਨੂੰ ਥੋੜ੍ਹਾ ਬੋਲਣਾ ਹੈ।

ਮੈਂ ਚਾਹੁੰਦਾ ਹਾਂ ਕਿ ਭਾਰਤ ਦੇ ਸਾਰੇ ਅਛੂਤ ਬੁੱਧ ਦੀਆਂ ਸਿੱਖਿਆਵਾਂ ਨੂੰ ਅਪਣਾਉਣ ਅਤੇ ਉਸ ਅਨੁਸਾਰ ਵਿਵਹਾਰ ਕਰਨ। ਪਿਛਲੇ ਸਾਲ ਅਸੀਂ ਇੱਥੇ ਬੁੱਧ ਜਯੰਤੀ ਦੇ ਮੌਕੇ 'ਤੇ ਇਕੱਠੇ ਹੋਏ ਸੀ। ਉੱਥੇ ਜ਼ਿਆਦਾ ਲੋਕ ਨਹੀਂ ਸਨ। ਅੱਜ ਇੱਥੇ ਕਿੰਨੇ ਲੋਕ ਇਕੱਠੇ ਹੋਏ ਹਨ, ਮੈਨੂੰ ਇਹ ਦੇਖ ਕੇ ਚੰਗਾ ਲੱਗ ਰਿਹਾ ਹੈ ਕਿ ਇੱਕ ਸਾਲ ਵਿੱਚ ਲੋਕਾਂ ਵਿੱਚ ਕਿੰਨਾ ਰੁਝਾਨ ਬਣਿਆ ਹੈ। ਇਸ ਦੇ ਨਾਲ ਹੀ ਮੈਨੂੰ ਅਖ਼ਬਾਰਾਂ ਵਿੱਚ ਕੱਲ੍ਹ ਦੇ ਵਿਸ਼ਾਲ ਜਲੂਸ ਦੀਆਂ ਖ਼ਬਰਾਂ ਵੀ ਪੜ੍ਹਨ ਨੂੰ ਮਿਲੀਆਂ ਜਿਨ੍ਹਾਂ ਨੇ ਕਦੇ ਅਛੂਤਾਂ ਨਾਲ ਜੁੜੀਆਂ ਖ਼ਬਰਾਂ ਨੂੰ ਜਗ੍ਹਾ ਨਹੀਂ ਦਿੱਤੀ ਸੀ। ਤੁਸੀਂ ਜੋ ਤਰੱਕੀ ਕੀਤੀ ਹੈ ਉਹ ਨਿਸ਼ਚਿਤ ਤੌਰ 'ਤੇ ਪ੍ਰਸ਼ੰਸਾਯੋਗ ਹੈ।

ਬੁੱਧ ਜਯੰਤੀ ਮਨਾਉਣਾ ਕੋਈ ਵੱਡੀ ਗੱਲ ਨਹੀਂ ਹੈ। ਕਿਉਂਕਿ ਬਜ਼ੁਰਗਾਂ ਦੇ ਕੰਮ ਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ। ਪਰ ਅਸੀਂ ਬੁੱਧ ਜਯੰਤੀ ਤਾਂ ਹੀ ਮਨਾਉਂਦੇ ਹਾਂ ਤਾਂ ਜੋ ਭਾਰਤ ਵਿੱਚ ਸਮਾਜ ਦਾ ਪਤਨ ਨਾ ਹੋਵੇ। ਇਸ ਲਈ, ਲੋਕਾਂ ਨੂੰ ਬੁੱਧ ਦੀ ਸਿੱਖਿਆ ਨੂੰ ਸਵੀਕਾਰ ਕਰਨ ਲਈ ਕਹਿਣ ਤੋਂ ਪਹਿਲਾਂ, ਉਨ੍ਹਾਂ ਨੂੰ ਬੁੱਧ ਧਰਮ ਅਤੇ ਹਿੰਦੂ ਧਰਮ ਵਿੱਚ ਅੰਤਰ ਨੂੰ ਸਹੀ ਢੰਗ ਨਾਲ ਸਮਝਾਇਆ ਜਾਣਾ ਚਾਹੀਦਾ ਹੈ। ਹਿੰਦੂ ਧਰਮ ਚਾਰ ਵਰਨ ਵਾਲਾ ਮੂਰਤੀ ਪੂਜਾ ਅਤੇ ਅਧਿਆਤਮਿਕ ਸਿਧਾਂਤ ਦੇ ਰੂਪ ਵਿੱਚ ਸਮਾਜਿਕ ਵਿਤਕਰੇ ਉੱਤੇ ਅਧਾਰਤ ਹੈ। ਲੋਕਾਂ ਦੇ ਸਮਾਜਿਕ ਪਤਨ ਲਈ ਬਣਾਈ ਗਈ ਅਤੇ ਰਾਸ਼ਟਰ ਦੇ ਪਤਨ ਬ੍ਰਾਹਮਣਵਾਦੀ ਵਿਵਸਥਾ ਅਤੇ ਅੱਜ ਦੇ ਹਿੰਦੂ ਧਰਮ ਦੇ ਵਿੱਚ ਮੈਨੂੰ ਕੋਈ ਅੰਤਰ ਨਜ਼ਰ ਨਹੀਂ ਆਉਂਦਾ। ਹਿੰਦੂ ਧਰਮ ਵਿੱਚ ਸ਼ਾਂਤੀ ਅਤੇ ਏਕਤਾ ਨਹੀਂ ਇਸ ਦਾ ਕਾਰਨ ਚਾਰ-ਵਰਣੀ ਪ੍ਰਣਾਲੀ 'ਤੇ ਅਧਾਰਤ ਹਿੰਦੂ ਧਰਮ ਹੈ। ਪਰ ਕੋਈ ਨਹੀਂ ਜਾਣਦਾ ਕਿ ਚਤਰਵਰਣੀ ਪ੍ਰਣਾਲੀ ਦੇ ਅਧਾਰ 'ਤੇ ਧਰਮ ਦੇ ਇਸ ਚੌਗਠ ਨੂੰ ਕਿਵੇਂ ਤੋੜਿਆ ਜਾਵੇ, ਹਿੰਦੂ ਧਰਮ ਵਿੱਚ ਸ਼ਾਂਤੀ ਅਤੇ ਏਕਤਾ ਕਿਵੇਂ ਸਥਾਪਤ ਕੀਤੀ ਜਾਵੇ। ਸਹੀ ਅਤੇ ਗਲਤ ਬਾਰੇ ਨਾ ਸੋਚਣ ਅਤੇ ਗਲਤ ਚੀਜ਼ਾਂ ਨੂੰ ਨਾ ਛੱਡਣ ਦਾ ਇੱਕੋ ਇੱਕ ਕਾਰਨ ਹੈ, ਇਸ ਬੇਇਨਸਾਫੀ ਦੇ ਕਾਰਨ, ਭਾਵ, ਚਾਰ ਵਰਨਾਂ ਦੇ ਕਾਰਨ, ਹਿੰਦੂਆਂ ਨੂੰ ਫਾਇਦਾ ਹੁੰਦਾ ਜਾਪਦਾ ਹੈ।

ਮੈਂ ਸਾਰੇ ਹਿੰਦੂਆਂ ਨੂੰ ਸਿਰਫ਼ ਇੰਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਇਨ੍ਹਾਂ ਪੋਂਗਾਪੰਥੀ ਵਿਸ਼ਵਾਸਾਂ, ਵਰਣਸ਼ਰਮ ਪ੍ਰਣਾਲੀ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ। ਪਰ ਅਜਿਹਾ ਹੋਵੇਗਾ ਕਿਵੇਂ? ਕਿਉਂਕਿ ਬੋਧੀ ਸਬੂਤ ਵਿੱਚ ਵਿਸ਼ਵਾਸ ਕਰਦੇ ਹਨ। ਅਤੇ ਵਰਣਸ਼੍ਰਮ ਪ੍ਰਣਾਲੀ ਨੂੰ ਵੇਦਾਂ ਵਿੱਚ ਸਭ ਤੋਂ ਉੱਤਮ ਦੱਸਿਆ ਗਿਆ ਹੈ। ਇਹ ਕਹਿਣਾ ਕਾਫ਼ੀ ਨਹੀਂ ਹੈ ਕਿ ਧਰਮ ਵਿੱਚ ਸੁਧਾਰ ਕੀਤਾ ਜਾਣਾ ਚਾਹੀਦਾ ਹੈ। ਇਸ ਲਈ ਰਵੱਈਏ ਵਿੱਚ ਤਬਦੀਲੀ ਦੀ ਲੋੜ ਹੈ। ਇਸ ਤੋਂ ਬਿਨਾਂ ਵਿਕਾਸ ਸੰਭਵ ਨਹੀਂ ਹੈ। ਇਸ ਤੋਂ ਬਿਨਾਂ, ਸੁਧਾਰ ਦੀ ਕੋਈ ਉਮੀਦ ਨਹੀਂ ਹੈ।

ਉਨ੍ਹਾਂ ਬ੍ਰਾਹਮਣਾਂ ਨੂੰ ਜੋ ਬੁੱਧ ਧਰਮ ਨੂੰ ਨਫ਼ਰਤ ਕਰਦੇ ਹਨ, ਮੈਂ ਪੁੱਛਣਾ ਚਾਹਾਂਗਾ, ਉਹ ਭਿਕਸ਼ੂ ਕੌਣ ਸਨ ਜਿਨ੍ਹਾਂ ਨੂੰ ਬੁੱਧ ਸ਼ੁਰੂ ਵਿੱਚ ਮਿਲੇ ਸਨ? ਇਨ੍ਹਾਂ ਵਿੱਚੋਂ 90 ਫੀਸਦੀ ਬ੍ਰਾਹਮਣ ਸਨ। ਕੁਝ ਹਿੰਦੂ ਲੋਕ ਕਹਿੰਦੇ ਹਨ ਕਿ ਜੇ ਤੁਸੀਂ ਬੁੱਧ ਧਰਮ ਨੂੰ ਸਵੀਕਾਰ ਕਰਨਾ ਚਾਹੁੰਦੇ ਹੋ, ਤਾਂ ਕਰੋ, ਪਰ ਇਸ ਲਈ ਬ੍ਰਾਹਮਣਵਾਦ ਨੂੰ ਕਿਉਂ ਕੋਸਿਆ ਜਾਂਦਾ ਹੈ? ਜਵਾਬ ਬਹੁਤ ਹੀ ਸਧਾਰਨ ਹੈ, ਵਰਣਵਾਦ ਉੱਤੇ, ਬ੍ਰਾਹਮਣਤੰਤਰ ਉੱਤੇ, ਹਿੰਦੂ ਧਰਮ ਉੱਤੇ ਹਮਲਾ ਕੀਤੇ ਬਿਨਾਂ ਉਸ ਨੂੰ ਬੇਨਕਾਬ ਕੀਤੇ ਬਿਨਾਂ ਬੁੱਧ ਧਰਮ ਦਾ ਪ੍ਰਸਾਰ ਸੰਭਵ ਨਹੀਂ ਹੈ। ਇਹ ਬੁੱਧ ਧਰਮ ਦੀ ਪ੍ਰਗਤੀ ਦੇ ਰਾਹ ਵਿੱਚ ਇੱਕ ਵੱਡੀ ਰੁਕਾਵਟ ਹੈ। ਜੇ ਸਾਫ਼ ਪਾਣੀ ਅਤੇ ਗੰਦੇ ਪਾਣੀ ਦੀਆਂ ਧਾਰਾਵਾਂ ਨੂੰ ਇਕੱਠੇ ਵਹਿਣ ਦਿੱਤਾ ਜਾਵੇ, ਤਾਂ ਸਾਫ਼ ਪਾਣੀ ਗੰਦਾ ਹੋ ਜਾਵੇਗਾ। ਇਸੇ ਤਰ੍ਹਾਂ, ਬੁੱਧ ਧਰਮ ਦੇ ਸਹੀ ਸਿਧਾਂਤਾਂ ਦੇ ਨਾਲ, ਹਿੰਦੂ ਧਰਮ ਦੇ ਗੰਦੇ ਪਾਣੀ ਨੂੰ ਵਹਿਣ ਨੂੰ ਰੋਕਣ ਦਾ ਕੰਮ ਪਹਿਲਾਂ ਕਰਨਾ ਚਾਹੀਦਾ।

ਬੁੱਧ ਧਰਮ ਦੀ ਤਰ੍ਹਾਂ ਹਿੰਦੂ ਧਰਮ ਵੀ ਅਹਿੰਸਾ ਉੱਤੇ ਜ਼ੋਰ ਦਿੰਦਾ ਹੈ। ਪਰ ਕਿਉਂਕਿ ਵਰਣਸ਼੍ਰਮ ਪ੍ਰਣਾਲੀ ਨੂੰ ਹਿੰਦੂ ਧਰਮ ਦੀ ਨੀਂਹ ਬਣਾਇਆ ਗਿਆ ਹੈ, ਇਸੇ ਤਰ੍ਹਾਂ ਹੀ ਹਿੰਦੂ ਧਰਮ ਨੂੰ ਲਾਹਣਤਾਂ ਪਾਉਣ ਲਈ ਕਾਫ਼ੀ ਹੈ। ਅੱਜ ਤੁਸੀਂ ਹਿੰਦੂ ਧਰਮ ਵਿੱਚ ਜਿੱਥੇ ਵੀ ਦੇਖਦੇ ਹੋ, ਉੱਥੇ ਪਖੰਡ ਹੈ। ਬ੍ਰਾਹਮਣ ਮੰਦਰਾਂ ਵਿੱਚ ਇਸ ਲਈ ਰਹਿੰਦੇ ਹਨ ਕਿਉਂਕਿ ਉਨ੍ਹਾਂ ਨੂੰ ਅਨੰਦ ਦੀ ਜ਼ਿੰਦਗੀ ਜਿਊਣ ਦਾ ਮੌਕਾ ਮਿਲਦਾ ਹੈ, ਇਸ ਲਈ ਨਹੀਂ ਕਿ ਉਹ ਉੱਥੇ ਰਹਿ ਕੇ ਪਰਮਾਤਮਾ ਦੀ ਪੂਜਾ ਕਰਨ ਦੇ ਯੋਗ ਹੁੰਦੇ ਹਨ। ਪਿਛਲੇ ਸਾਲ ਸੀਲੋਨ ਤੋਂ ਵਾਪਸ ਆਉਂਦੇ ਸਮੇਂ ਮੈਂ ਮਦਰਾਸ ਗਿਆ ਸੀ। ਫਿਰ ਉੱਥੇ ਬਹੁਤ ਸਾਰੇ ਹਿੰਦੂਆਂ ਨੇ ਮੈਨੂੰ ਮੰਦਰ ਜਾਣ ਦੀ ਬੇਨਤੀ ਕੀਤੀ। ਮੈਂ ਹੈਰਾਨ ਸੀ, ਮੈਂ ਵੀ ਗਿਆ। ਮੈਂ ਹਿੰਦੂ ਮੰਦਰਾਂ ਵਿੱਚ ਗਿਆ। ਬ੍ਰਾਹਮਣ ਉੱਥੇ ਮੂਰਤੀਆਂ ਦੀ ਪੂਜਾ ਕਰਦੇ ਸਨ, ਧੂਪ ਅਤੇ ਕਪੂਰ ਜਲਾਉਂਦੇ ਸਨ। ਇਸ ਤੋਂ ਇਲਾਵਾ ਉਹ ਕੁੱਝ ਨਹੀਂ ਕਰਦੇ। ਇਸ ਦਾ ਮਤਲਬ ਹੈ ਕਿ ਇਹ ਉਨ੍ਹਾਂ ਲਈ ਇੱਕ ਮਹੱਤਵਪੂਰਨ ਉਦਯੋਗ ਬਣ ਗਿਆ! ਉਸ

"ਇਕੁਐਲਿਟੀ ਐਂਡ ਜਸਟਿਸ"
"Equality and Justice" ਸੁਤੰਤਰਤਾ, ਸਮਾਨਤਾ, ਭਾਈਚਾਰਾ



ਦੇ ਦੂਜੇ ਉਦਯੋਗ ਬਾਰੇ ਮੈਨੂੰ ਪਤਾ ਲੱਗਾ ਕਿ ਉਸ ਨੂੰ ਬਹੁਤ ਸਾਰਾ ਖਾਣਾ ਖਾਣਾ ਪੈਂਦਾ ਹੈ। ਸਵੇਰੇ, ਦੁਪਹਿਰ ਅਤੇ ਸ਼ਾਮ ਨੂੰ ਭੋਜਨ ਕਰੇ। ਉਨ੍ਹਾਂ ਕੋਲ ਇੱਕ ਵਿਸ਼ਾਲ ਭੋਜਨ ਉਦਯੋਗ ਹੈ। ਮੈਂ ਉਨ੍ਹਾਂ ਨੂੰ ਪੁੱਛਿਆ ਕਿ ਇਹ ਕਿਵੇਂ ਹੋ ਰਿਹਾ ਹੈ। ਦੱਸਿਆ ਗਿਆ ਕਿ ਮਦਰਾਸ ਸਰਕਾਰ ਉਸ ਨੂੰ ਡੇਢ ਲੱਖ ਰੁਪਏ ਦੀ ਸਲਾਨਾ ਗ੍ਰਾਂਟ ਮਿਲਦੀ ਹੈ। ਮੰਦਰਾਂ ਵਿੱਚ ਸੋਨੇ ਅਤੇ ਚਾਂਦੀ ਦੀਆਂ ਮੂਰਤੀਆਂ ਸਨ। ਇਨ੍ਹਾਂ ਵਿੱਚੋਂ ਕੁਝ ਮੂਰਤੀਆਂ ਦੀ ਕੀਮਤ ਕਰੋੜਾਂ ਰੁਪਏ ਹੋ ਸਕਦੀ ਹੈ। ਇੱਕ ਪਾਸੇ ਦੇਸ਼ ਵਿੱਚ ਲੋਕ ਭੁੱਖ ਨਾਲ ਮਰ ਰਹੇ ਹਨ। ਲੋਕ ਪੈਸੇ ਲਈ ਮੋਹਤਾਜ ਹਨ ਅਤੇ ਦੂਜੇ ਪਾਸੇ ਅਨਾਜ ਦੀ ਇਸ ਤਰਾਂ ਵਰਤੋਂ ਅਤੇ ਪੈਸੇ ਦੀ ਇਸ ਤਰ੍ਹਾਂ ਦੀ ਖੈਰਾਤ ਸਭ ਹਿੰਦੂ ਧਰਮ ਦੇ ਯੱਗਾਂ ਲਈ ਵੰਡੀ ਜਾ ਰਹੀ ਹੈ। ਫਿਰ ਇਹ ਲੋਕ ਹਿੰਦੂ ਧਰਮ ਦੀ ਜੈ-ਜੈਕਾਰ ਕਿਉਂ ਨਹੀਂ ਕਰਨਗੇ!

ਧਰਮ ਸ਼ੁੱਧ ਸਿਧਾਂਤਾਂ ਉੱਤੇ ਅਧਾਰਤ ਹੋਣਾ ਚਾਹੀਦਾ ਹੈ। ਬੁੱਧ ਕਦੇ ਵੀ ਵਰਣਸ਼ਰਮ ਧਰਮ ਵਿੱਚ ਵਿਸ਼ਵਾਸ ਨਹੀਂ ਕਰਦੇ ਸਨ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਅਸੀਂ ਸਾਰੇ ਮਨੁੱਖ ਇੱਕ ਹਾਂ। ਲੋਕਾਂ ਵਿੱਚ ਆਪਸ ਵਿੱਚ ਕੋਈ ਵਿਤਕਰਾ ਨਹੀਂ ਹੋਣਾ ਚਾਹੀਦਾ। ਜਨਮ ਵੇਲੇ ਕੋਈ ਵੀ ਉੱਤਮ ਜਾਂ ਨੀਵਾਂ ਨਹੀਂ ਹੋ ਸਕਦਾ। ਉੱਤਮਤਾ ਜਾਂ ਘਟੀਆਪਣ ਸਿਰਫ਼ ਆਪਣੇ ਕੰਮਾਂ ਦੇ ਅਧਾਰ ਉੱਤੇ ਹੀ ਪ੍ਰਾਪਤ ਹੁੰਦਾ ਹੈ। ਬੁੱਧ ਨੇ ਇਹ ਗੱਲਾਂ ਕਹੀਆਂ ਸਨ। ਜੇ ਲੋਕ ਦੁਬਾਰਾ ਬੁੱਧ ਧਰਮ ਨੂੰ ਸਵੀਕਾਰ ਕਰਦੇ ਹਨ, ਤਾਂ ਇਹ ਦੇਸ਼ ਇੱਕ ਵਾਰ ਫਿਰ ਸ਼ਾਨਦਾਰ ਮਹਾਨ ਰਾਸ਼ਟਰ ਬਣ ਜਾਵੇਗਾ, ਕਿਸੇ ਹੋਰ ਤਰੀਕੇ ਨਾਲ ਜਾਤੀ ਭੇਦਭਾਵ ਨੂੰ ਖਤਮ ਕਰਨਾ ਸੰਭਵ ਨਹੀਂ ਹੈ। ਅਸਲ ਵਿੱਚ, ਜੇ ਕੋਈ ਜਾਤੀ-ਧਰਮ ਨੂੰ ਖ਼ਤਮ ਕਰਨਾ ਚਾਹੁੰਦਾ ਹੈ, ਤਾਂ ਉਨ੍ਹਾਂ ਲਈ ਇੱਕੋ ਇੱਕ ਹੱਲ ਬੁੱਧ ਧਰਮ ਨੂੰ ਸਵੀਕਾਰ ਕਰਨਾ ਹੈ।

ਪਰ ਅਸੀਂ ਬਿਨਾਂ ਕਿਸੇ ਰੁਕਾਵਟ ਦੇ ਆਪਣੇ ਉਦੇਸ਼ ਨੂੰ ਪ੍ਰਾਪਤ ਕਰਾਂਗੇ। ਜਿਨ੍ਹਾਂ ਦੇ ਹੱਡ ਮਾਸ ਵਿੱਚ ਹਿੰਦੂ ਧਰਮ ਰਚਿਆ ਹੋਇਆ ਹੈ, ਉਨ੍ਹਾਂ ਬੁੱਢਿਆਂ ਲਈ ਇਹ ਸੰਭਵ ਨਹੀਂ ਹੋਵੇਗਾ, ਉਹ ਤੁਰੰਤ ਆਪਣਾ ਧਰਮ ਛੱਡ ਦੇਣ ਅਤੇ ਮੈਂ ਉਨ੍ਹਾਂ ਨੂੰ ਇਹ ਨਹੀਂ ਕਹਾਂਗਾ। ਪਰ ਮੈਨੂੰ ਨੌਜਵਾਨਾਂ ਉੱਤੇ ਬਹੁਤ ਭਰੋਸਾ ਹੈ। ਉਨ੍ਹਾਂ ਨੂੰ ਸਹੀ ਰਾਹ ਅਪਣਾਉਣਾ ਚਾਹੀਦਾ ਹੈ ਅਤੇ ਆਪਣੇ ਲਈ, ਸਮਾਜ ਅਤੇ ਰਾਸ਼ਟਰ ਲਈ ਚੰਗਾ ਕਰਨਾ ਚਾਹੀਦਾ ਹੈ।

# ਯੁੱਧ ਨਸ਼ਿਆਂ, ਹਾਦਸਿਆਂ, ਲਾਪਰਵਾਹੀਆਂ ਵਿਰੁੱਧ - ਸਫਲਤਾ ਲਈ ਜਾਗਰੂਕਤਾ ਜ਼ਰੂਰੀ

"Equality and justice"
Patiala 08 January
INTERNATIONAL PAPER, 9463601616
hardipchumber57@gmail.com

ਵਧਦੀਆਂ ਜਾ ਰਹੀਆਂ ਬਿਮਾਰੀਆਂ, ਮੌਤਾਂ ਅਤੇ ਤਬਾਹੀਆਂ ਤੋਂ ਪੰਜਾਬ ਨੂੰ ਬਚਾਉਣ ਲਈ ਸ਼ੁਰੂ ਹੋਏ ਮਾਨਵਤਾਵਾਦੀ ਜਾਗਰੂਕਤਾ ਮਿਸ਼ਨ ਦੀ ਸਫਲਤਾ ਅਤੇ ਪੰਜਾਬ ਨੂੰ ਸਿਹਤਮੰਦ, ਸੁਰਖਿਅਤ, ਖੁਸ਼ਹਾਲ, ਉੱਨਤ ਬਣਾਉਣ ਲਈ ਸਾਨੂੰ ਸਾਰਿਆਂ ਨੂੰ ਹਮੇਸ਼ਾ ਨਿਯਮਾਂ, ਕਾਨੂੰਨਾਂ, ਅਸੂਲਾਂ, ਫਰਜ਼ਾਂ ਅਤੇ ਜੁੰਮੇਵਾਰੀਆਂ ਨਿਭਾਉਣ ਲਈ ਸਬਰ ਸ਼ਾਂਤੀ ਅਤੇ




ਅਨੁਸ਼ਾਸਨ ਅਨੁਸਾਰ ਯਤਨ ਕਰਨੇ ਚਾਹੀਦੇ ਹਨ ਇਹ ਵਿਚਾਰ ਪੰਜਾਬ ਪੁਲਿਸ ਆਵਾਜਾਈ ਸਿੱਖਿਆ ਸੈਲ ਦੇ ਇੰਸਪੈਕਟਰ ਸਰਬਜੀਤ ਕੌਰ ਅਤੇ ਏ ਐਸ ਆਈ ਰਾਮ ਸਰਨ ਵਲੋਂ ਪੀ ਆਰ ਟੀ ਸੀ ਟ੍ਰੇਨਿੰਗ ਸਕੂਲ ਵਿਖੇ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਤੋਂ ਆਏ ਡਰਾਈਵਰਾਂ, ਕੰਡਕਟਰਾਂ ਅਤੇ ਟੈਕਨੀਕਲ ਸਟਾਫ਼ ਨੂੰ ਬੇਨਤੀ ਕਰਦਿਆ ਕਿਹਾ ਕਿ ਆਪਣੇ ਘਰ ਪਰਿਵਾਰਾਂ ਅਤੇ ਨਾਗਰਿਕਾਂ ਦੀ ਖੁਸ਼ੀਆਂ, ਖੁਸ਼ਹਾਲੀ, ਉਨਤੀ ਲਈ ਆਵਾਜਾਈ, ਸਿਹਤ ਸੰਭਾਲ ਅਤੇ ਪੀੜਤਾਂ ਦੀ ਸਹਾਇਤਾ ਕਰਨ ਲਈ ਹਮੇਸ਼ਾ ਇੱਕ ਜੁਮੇਵਾਰ, ਵਫ਼ਾਦਾਰ, ਨਾਗਰਿਕ ਵਜੋਂ ਯਤਨ ਕੀਤੇ ਜਾਣ। ਸ੍ਰੀ ਕਾਕਾ ਰਾਮ ਵਰਮਾ, ਸੇਵਾ ਮੁਕਤ ਟ੍ਰੇਨਿੰਗ ਸੁਪਰਵਾਈਜ਼ਰ ਰੈੱਡ ਕਰਾਸ ਸੁਸਾਇਟੀ ਨੇ ਜ਼ਖਮੀਆਂ ਦੀ ਫਸਟ ਏਡ ਸੀ ਪੀ ਆਰ, ਫਾਇਰ ਸੇਫਟੀ, ਸਿਲੰਡਰਾਂ ਦੀ ਵਰਤੋਂ, ਸਾਇਬਰ ਸੁਰੱਖਿਆ ਅਤੇ ਹੈਲਪ ਲਾਈਨ ਨੰਬਰ 112/101/108/1033 ਅਤੇ 1930 ਦੀ ਵਰਤੋਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਅਪੀਲ ਕੀਤੀ ਕਿ ਨਿਯਮਾਂ, ਕਾਨੂੰਨਾਂ, ਅਸੂਲਾਂ, ਫਰਜ਼ਾਂ ਦੀ ਪਾਲਣਾ ਕਰਕੇ ਸਾਨੂੰ ਖੁਸ਼ੀਆਂ, ਸਨਮਾਨ ਮਿਲਦੇ, ਜਦਕਿ ਇਨ੍ਹਾਂ ਦੀ ਉਲੰਘਣਾ ਕਰਨ ਵਾਲੇ ਮੁਸੀਬਤਾਂ, ਪ੍ਰੇਸ਼ਾਨੀਆਂ ਵਿੱਚ ਫ਼ਸਦੇ ਹਨ। ਇੰਸਪੈਕਟਰ ਕ੍ਰਿਸ਼ਨ ਪਾਲ ਇੰਚਾਰਜ ਟ੍ਰੇਨਿੰਗ ਸਕੂਲ ਨੇ ਮੈਨੇਜਮੈਂਟ ਵਲੋਂ ਧੰਨਵਾਦ ਕਰਦੇ ਹੋਏ ਕਿਹਾ ਕਿ ਪੀ ਆਰ ਟੀ ਸੀ ਅਦਾਰੇ ਵਲੋਂ ਲੋਕਾਂ ਨੂੰ ਸਰਕਾਰ ਅਤੇ ਸੀਨੀਅਰ ਅਧਿਕਾਰੀਆਂ ਦੇ ਹੁਕਮਾਂ ਅਨੁਸਾਰ ਸਹੂਲਤਾਂ, ਸਹਿਯੋਗ ਅਤੇ ਸਤਿਕਾਰ ਦੇਣ ਦੇ ਨਾਲ ਨਾਲ ਨਸ਼ਿਆਂ, ਹਾਦਸਿਆਂ, ਅਪਰਾਧਾਂ, ਲਾਪਰਵਾਹੀਆਂ, ਕਾਹਲੀ, ਤੇਜ਼ੀ, ਨਾਸਮਝੀ ਤੋਂ ਬਚਾਉਣ ਲਈ ਵਿਸ਼ਾ ਮਾਹਿਰਾਂ ਦੇ ਸਹਿਯੋਗ ਨਾਲ ਜਾਗਰੂਕਤਾ ਮਿਸ਼ਨ ਚਲਾਏ ਜਾ ਰਹੇ ਹਨ।ਰਾਸ਼ਟਰੀ ਆਵਾਜਾਈ ਸੁਰੱਖਿਆ ਜਾਗਰੂਕਤਾ ਮਹੀਨੇ ਦੌਰਾਨ ਵੱਧ ਤੋਂ ਵੱਧ ਟ੍ਰੇਨਿੰਗ ਪ੍ਰੋਗਰਾਮ ਕਰਵਾਕੇ, ਨੌਜਵਾਨਾਂ ਅਤੇ ਨਾਗਰਿਕਾਂ ਨੂੰ ਨਿਯਮਾਂ, ਕਾਨੂੰਨਾਂ, ਅਸੂਲਾਂ, ਫਰਜ਼ਾਂ ਦੀ ਪਾਲਣਾ ਕਰਨ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ

# ਆਸ਼ਾ ਕਿਰਨ ਸਕੂਲ ਨੂੰ ₹1 ਲੱਖ ਦਾ ਚੈੱਕ ਭੇਟ ਕੀਤਾ

"Equality and justice"
Patiala 08 January
INTERNATIONAL PAPER, 9463601616
hardipchumber57@gmail.com

ਹੁਸ਼ਿਆਰਪੁਰ 8 ਜਨਵਰੀ (ਤਰਸੇਮ ਦੀਵਾਨਾ) - ਪਿੰਡ ਬਜਵਾੜਾ ਦੇ ਵਸਨੀਕ ਦੇਵ ਕ੍ਰਿਸ਼ਨ ਬੱਧਣ ਨੇ ਆਪਣੇ ਪੋਤੇ ਦੇ ਜਨਮਦਿਨ ਨੂੰ ਮਨਾਉਣ ਲਈ ਜੇਐਸਐਸ ਆਸ਼ਾ ਕਿਰਨ ਸਪੈਸ਼ਲ ਸਕੂਲ, ਜਹਾਨਖੇਲਾ ਨੂੰ ₹1 ਲੱਖ ਦਾ



ਚੈੱਕ ਭੇਟ ਕੀਤਾ। ਇਹ ਭਵਿੱਖ ਵਿੱਚ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਵਾਧੂ ਸਹੂਲਤਾਂ ਪ੍ਰਦਾਨ ਕਰੇਗਾ। ਇਸ ਮੌਕੇ ਤੇ ਆਸ਼ਾਦੀਪ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਹਰਬੰਸ ਸਿੰਘ ਅਤੇ ਖਜ਼ਾਨਚੀ ਹਰੀਸ਼ ਠਾਕੁਰ ਨੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਭਲਾਈ ਲਈ ਦਾਨ ਕੀਤੇ ਗਏ ਫੰਡਾਂ ਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ, ਇਸ ਬਾਰੇ ਦੱਸਿਆ। ਸ਼੍ਰੀਮਤੀ ਸਲੀਨ ਦਰਵੇ, ਜਵਾਈ ਪਰਾਗ ਦਰਵੇ ਅਤੇ ਸ਼ਾਮਜੀਤ ਸਿੰਘ ਬਡਵਾਲ ਵੀ ਮੌਜੂਦ ਸਨ। ਪ੍ਰਧਾਨ ਹਰਬੰਸ ਸਿੰਘ ਨੇ ਮਹਿਮਾਨਾਂ ਨੂੰ ਸਕੂਲ ਦੀਆਂ ਗਤੀਵਿਧੀਆਂ ਅਤੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਉਨ੍ਹਾਂ ਦੇ ਭਵਿੱਖ ਲਈ ਕਿਵੇਂ ਤਿਆਰ ਕੀਤਾ ਜਾਂਦਾ ਹੈ, ਬਾਰੇ ਜਾਣਕਾਰੀ ਦਿੱਤੀ।

# ਡੀ.ਸੀ.ਯੂ. ਮਾਨਸਾ ਨੇ ਸਾਲ 2026 ਦਾ ਕਲੰਡਰ ਜਾਰੀ ਕੀਤਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਜਨਵਰੀ INTERNATIONAL PAPER, 94636 01616 hardipchumber57@gmail.com



ਮਾਨਸਾ ( ) ਸ੍ਰੀ ਸ'ਨੂੰ ਮਹਾਜਨ ਡਿਪਟੀ ਰਜਿਸਟਰਾਰ ਸਹਿਕਾਰੀ ਸਭਾਵਾਂ ਮਾਨਸਾ ਦੀ ਰਹਿਨੁਮਾਈ ਹੇਠ ਸ੍ਰੀ ਕੁਲਵੰਤ ਸਿੰਘ ਰਮਦਿੱਤੇਵਾਲਾ ਚੇਅਰਮੈਨ ਡੀ.ਸੀ.ਯੂ ਮਾਨਸਾ ਨੇ ਨਵੇਂ ਸਾਲ ਦੀ ਵਧਾਈ ਦਿੰਦੇ ਹ'ਏ ਅਦਾਰੇ ਵੱਲ'ੋ ਪ੍ਰਕਾਸ਼ਿਤ ਨਵੇਂ ਸਾਲ 2026 ਦਾ ਕਲੰਡਰ ਜਾਰੀ ਕੀਤਾ ਜ' ਕਿ ਜਿਲ੍ਹੇ ਦੀਆਂ ਸਹਿਕਾਰੀ ਸਭਾਵਾਂ ਅਤੇ ਸਹਿਕਾਰੀ ਅਦਾਰਿਆਂ ਨੂੰ ਸਪਲਾਈ ਕੀਤਾ ਜਾਵੇਗਾ। ਕਲੰਡਰ ਜਾਰੀ ਕਰਦਿਆਂ ਹ'ਇਆ ਚੇਅਰਮੈਨ ਕਿਹਾ ਕਿ ਇਸ ਕਲੰਡਰ ਵਿੱਚ ਪੰਜਾਬ ਸਰਕਾਰ ਦੀਆਂ ਛੁੱਟੀਆਂ ਦਰਜ ਹਨ। ਸ੍ਰੀ ਸਮਸ਼ੇਰ ਸਿੰਘ ਵਾਇਸ ਚੇਅਰਮੈਨ ਨੇ ਕਿਹਾ ਕਿ ਇਸ ਕਲੰਡਰ ਵਿੱਚ ਜਿਲ੍ਹੇ ਨਾਲ ਸੰਬੰਧਤ ਸਹਿਕਾਰਤਾ ਵਿਭਾਗ ਦੇ ਅਧਿਕਾਰੀਆਂ ਦੇ ਫ'ਨ ਨੰਬਰ ਅਤੇ ਸਹਿਕਾਰੀ ਸਭਾਵਾਂ ਅਤੇ ਅਦਾਰਿਆਂ ਦੇ ਦਫ਼ਤਰਾਂ ਦੇ ਕਰਮਚਾਰੀਆਂ ਦੇ ਮ'ਬਾਇਲ ਨੰਬਰ ਵੀ ਉਪਲੱਬਧ ਕਰਵਾਏ ਗਏ ਹਨ। ਉਹਨਾਂ ਕਿਹਾ ਕਿ ਇਹ ਕਲੰਡਰ ਜਿਲ੍ਹੇ ਦੇ ਸਹਿਕਾਰੀ ਅਦਾਰਿਆਂ ਦੇ ਮੁਖੀਆਂ ਨਾਲ ਤਾਲਮੇਲ ਕਰਨ ਵਿੱਚ ਸਹਿਯ'ਗੀ ਹ'ਵੇਗਾ ਅਤੇ ਸਹਿਕਾਰੀ ਅਦਾਰਿਆਂ ਵੱਲ'ੋ ਦਿੱਤੀਆਂ ਜਾਂਦੀਆਂ ਸਭਾਵਾਂ ਦਾ ਆਮ ਲ'ਕ ਫਾਇਦਾ ਲੈ ਸਕਣਗੇ। ਇਸ ਮ"ਕੇ ਸ੍ਰੀ ਹਰਦੇਵ ਸਿੰਘ ਕ'ਰਵਾਲਾ ਚੇਅਰਮੈਨ ਕਿਰਤ ਤੇ ਉਸਾਰੀ ਯੂਨੀਅਨ ਮਾਨਸਾ, ਨਸੀਬ ਸਿੰਘ ਸੁਪਰਡੈਂਟ ਸੇਵ ਮੁਕਤ, ਸ੍ਰੀ ਸੁਰਜੀਤ ਸਿੰਘ ਮਾਖਾ ਡਾਇਰੈਕਟਰ ਸੀ.ਬੀ, ਬੇਅੰਤ ਸਿੰਘ ਬੁਰਜ ਰਾਠੀ ਡਾਇਰੈਕਟਰ ਡੀ.ਸੀ.ਯੂ. ਮਾਨਸਾ, ਵਨੀਤਾ ਰਾਣੀ ਮੈਨੇਜ਼ਰ ਕਿਰਤ ਤੇ ਉਸਾਰੀ ਯੂਨੀਅਨ ਮਾਨਸਾ, ਸ੍ਰੀ ਹੇਮ ਰਾਜ ਸ਼ਰਮਾ, ਜਸਪਾਲ ਸਿੰਘ ਡਾਇਰੈਕਟਰ ਡੀ.ਸੀ.ਯੂ. ਮਾਨਸਾ ਆਦਿ ਹਾਜ਼ਰ ਸਨ। ਗੁਰਮੀਤ ਸਿੰਘ ਗਾਗ'ਵਾਲ ਮੈਨੇਜ਼ਰ ਡੀ.ਸੀ.ਯੂ. ਮਾਨਸਾ ਨੇ ਆਏ ਹ'ਏ ਪਤਵੰਤਿਆਂ ਦਾ ਧੰਨਵਾਦ ਕੀਤਾ

# ਦੋਵੇ ਬਿਜਲੀ ਨਿਗਮਾਂ ਦੇ ਕਰਮਚਾਰੀਆਂ, ਇੰਜੀਨੀਅਰਜਾਂ ਅਤੇ ਪੈਨਸ਼ਨਰਾਂ ਵੱਲੋ ਨਿਗਮ ਦੀਆਂ ਜ਼ਮੀਨਾਂ ਵੇਚਣ ਵਿਰੁੱਧ ਕੱਲ 9 ਜਨਵਰੀ ਨੂੰ ਸਾਂਝਾ ਰੋਸ ਪ੍ਰਦਰਸ਼ਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਜਨਵਰੀ INTERNATIONAL PAPER, 94636 01616 hardipchumber57@gmail.com



ਪਟਿਆਲਾ ( (8.1.26) ਪੰਜਾਬ ਸਰਕਾਰ ਵੱਲੋ ਪਾਵਰਕਾਮ ਅਤੇ ਟਰਾਂਸਕੋ ਦੀਆਂ ਜ਼ਮੀਨਾਂ ਵੇਚਣ ਦੇ ਵਿਰੁੱਧ ਦੋਵੇ ਨਿਗਮਾਂ ਦੇ ਸਮੂਹ ਕਰਮਚਾਰੀਆਂ, ਅਧਿਕਾਰੀਆਂ, ਇੰਜੀਨੀਅਰਾਂ ਅਤੇ ਪੈਨਸ਼ਨਰਾਂ ਵੱਲੋ ਸਾਂਝੇ ਤੌਰ ਤੇ ਪਾਵਰ ਸੈਕਟਰ ਸਾਂਝੀ ਐਕਸ਼ਨ ਕਮੇਟੀ ਆਫ ਇੰਪਲਾਈਜ਼, ਇੰਜੀਨੀਅਰਜ਼ ਅਤੇ ਪੈਨਸ਼ਨਰਜ਼ ਦੇ ਬੈਨਰ ਹੇਠ ਦੱਖਣ ਜੋਨ ਦਾ ਧਰਨਾ ਕੱਲ ਮਿਤੀ 9 ਜਨਵਰੀ ਨੂੰ ਮੁੱਖ ਇੰਜੀਨੀਅਰ/ ਦੱਖਣ ਦੇ ਦਫਤਰ ਬਾਹਰ ਲਗਾਇਆ ਜਾ ਰਿਹਾ ਹੈ, ਜਿਸ ਵਿੱਚ ਹਜਾਰਾਂ ਦੀ ਗਿਣਤੀ ਵਿੱਚ ਕਰਮਚਾਰੀਆਂ, ਅਧਿਕਾਰੀਆਂ, ਇੰਜੀਨੀਅਰਾਂ, ਪੈਨਸ਼ਨਰਾਂ ਅਤੇ ਕਿਸਾਨ ਜੱਥੇਬੰਦੀਆਂ ਵੱਲੋ ਸਮੂਲੀਅਤ ਕੀਤੀ ਜਾਵੇਗੀ ਅਤੇ ਪੰਜਾਬ ਸਰਕਾਰ ਦੇ ਜਮੀਨਾਂ ਵੇਚਣ, ਰੋਪੜ ਥਰਮਲ ਪਲਾਂਟ ਵਿਖੇ 800 ਮੈਗਾਵਾਟ ਦੇ ਦੋ ਯੂਨਿਟ ਸਥਾਪਿਤ ਨਾ ਕੀਤੇ ਜਾਣ ਅਤੇ ਕੇਂਦਰ ਸਰਕਾਰ ਵੱਲੋ ਬਿਜਲੀ ਸੋਧ ਬਿੱਲ 2025 ਨੂੰ ਲਾਗੂ ਕੀਤੇ ਜਾਣ ਦੇ ਵਿਰੋਧ ਵਿੱਚ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪਾਵਰ ਸੈਕਟਰ ਜੁਆਇੰਟ ਐਕਸ਼ਨ ਕਮੇਟੀ ਦੇ ਆਗੂਆਂ ਸਰਵ ਸ੍ਰੀ ਅਜੈਪਾਲ ਸਿੰਘ ਅਟਵਾਲ, ਸ੍ਰੀ ਅਵਤਾਰ ਸਿੰਘ ਕੈਂਥ, ਸ੍ਰੀ ਦਵਿੰਦਰ ਸਿੰਘ, ਸ੍ਰੀ ਮੰਗਤ ਸਿੰਘ, ਸ੍ਰੀ ਕਰਮਜੀਤ ਸਿੰਘ ਸਿੱਧੂ, ਸ੍ਰੀ ਹਰਪ੍ਰੀਤ ਸਿੰਘ, ਸ੍ਰੀ ਅਮਿਤ ਕੁਮਾਰ, ਸ੍ਰੀ ਗੁਰਵਿੰਦਰ ਸਿੰਘ ਗੁਰੂ, ਸ੍ਰੀ ਕਪਿਲ ਦੇਵ, ਸ੍ਰੀ ਤੇਜਿੰਦਰ ਸਿੰਘ, ਅਤੇ ਸ੍ਰੀ ਸਰਦਾਰਾ ਸਿੰਘ ਵੱਲੋ ਦੱਸਿਆ ਗਿਆ ਕਿ ਪੰਜਾਬ ਸਰਕਾਰ ਦੇ ਬਿਜਲੀ ਨਿਗਮਾਂ ਦੀਆਂ ਜ਼ਮੀਨਾਂ ਵੇਚਣ ਦੇ ਫੈਸਲੇ ਖਿਲਾਫ ਜੁਆਇੰਟ ਐਕਸ਼ਨ ਕਮੇਟੀ ਵੱਲੋ ਮਿਤੀ 2 ਜਨਵਰੀ 26 ਨੂੰ ਅੰਮ੍ਰਿਤਸਰ ਅਤੇ 6 ਜਨਵਰੀ 26 ਨੂੰ ਬਠਿੰਡਾ ਜੋਨਲ ਪੱਧਰ ਤੇ ਰੋਸ ਪ੍ਰਦਰਸ਼ਨ ਕੀਤੇ ਗਏ ਹਨ ਜਿੰਨਾਂ ਵਿੱਚ ਕਰਮਚਾਰੀਆਂ, ਅਧਿਕਾਰੀਆਂ, ਇੰਜੀਨੀਅਰਾਂ ਅਤੇ ਪੈਨਸ਼ਨਰਾਂ ਦਾ ਠਾਂਠਾ ਮਾਰਦਾ ਇਕੱਠ ਇਹ ਦਰਸਾਉਂਦਾਂ ਹੈ ਕਿ ਪੰਜਾਬ ਸਰਕਾਰ ਦਾ ਸਰਕਾਰੀ ਵਿਭਾਗਾਂ ਦੀਆਂ ਜ਼ਮੀਨਾਂ ਵੇਚਣ ਦਾ ਫੈਸਲਾ ਗਲਤ ਹੈ । ਆਗੂਆਂ ਵੱਲੋ ਇਹ ਵੀ ਦੱਸਿਆ ਗਿਆ ਕਿ ਮਿਤੀ 15 ਜਨਵਰੀ ਨੂੰ ਲੁਧਿਆਣਾ ਅਤੇ 20 ਜਨਵਰੀ ਨੂੰ ਜਲੰਧਰ ਵਿਖੇ ਰੋਸ ਪ੍ਰਦਰਸ਼ਨ ਕੀਤੇ ਜਾਣਗੇ ਅਤੇ ਜੇਕਰ ਫਿਰ ਵੀ ਪੰਜਾਬ/ ਟਰਾਂਸ਼ਮਿਸ਼ਨ ਕਾਰਪੋਰੇਸ਼ਨ ਮੈਨੇਜ਼ਮੈਟ/ ਪੰਜਾਬ ਸਰਕਾਰ ਵੱਲੋ ਜਮੀਨਾਂ ਵੇਚਣ ਦੀ ਕਾਰਵਾਈ ਤੇ ਰੋਕ ਨਾ ਲਗਾਈ ਗਈ ਤਾਂ ਪੰਜਾਬ ਪੱਧਰ ਦਾ ਧਰਨਾਂ ਪਟਿਆਲਾ ਵਿਖੇ ਲਗਾਉਣ ਤੇ ਬਾਅਦ ਦੋਵੇ ਨਿਗਮਾਂ ਦੇ ਸਮੂਹ ਕਰਮਚਾਰੀ, ਅਧਿਕਾਰੀ ਤੇ ਇੰਜੀਨੀਅਰ ਮਾਸ ਛੁੱਟੀ ਭਰ ਸਕਦੇ ਹਨ ।

# ਐਸ ਆਈ ਕਿਰਨ ਸਿੰਘ ਨੇ ਥਾਣਾ ਹਰਿਆਣਾ ਦੇ ਨਵੇਂ ਐਸ ਐਚ ਓ ਵਜੋਂ ਸੰਭਾਲਿਆ ਚਾਰਜ !

“Equality and justice” Patiala 08 January INTERNATIONAL PAPER, 94636 01616 hardipchumber57@gmail.com



ਹੁਸ਼ਿਆਰਪੁਰ ( ਤਰਸੇਮ ਦੀਵਾਨਾ ) - ਕਸਬਾ ਹਰਿਆਣਾ ਅੰਦਰ ਅਮਨ ਕਾਨੂੰਨ ਦੀ ਵਿਵਸਥਾ ਨੂੰ ਕਾਇਮ ਰੱਖਣ ਲਈ ਲੋਕ ਸਹਿਯੋਗ ਦੇਣ। ਇਹ ਸ਼ਬਦ ਸਥਾਨਕ ਥਾਣਾ ਹਰਿਆਣਾ ਦੇ ਨਵੇਂ ਐਸ ਐਚ ਓ ਕਿਰਨ ਸਿੰਘ ਨੇ ਚਾਰਜ ਸੰਭਾਲਦਿਆਂ ਕਹੇ। ਉਨ੍ਹਾਂ ਕਿਹਾ ਕਿ ਲੋਕ ਹੀ ਪੁਲਿਸ ਦੇ ਮਾਰਗਦਰਸ਼ਨ ਹੁੰਦੇ ਹਨ ਅਤੇ ਲੋਕਾਂ ਦੇ ਸਹਿਯੋਗ ਨਾਲ ਹਰ ਸਮੱਸਿਆ ਦਾ ਹੱਲ ਲੱਭਿਆ ਜਾ ਸਕਦਾ ਹੈ। ਉਨ੍ਹਾਂ ਆਪਣੇ ਥਾਣੇ ਦੇ ਮੁਲਾਜ਼ਮਾਂ ਨੂੰ ਕਿਹਾ ਕਿ ਲੋਕਾਂ ਦੀਆਂ ਮੁਸਕਲਾਂ ਦੇ ਹੱਲ ਲਈ ਅਣਗਹਿਲੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਮਾਜ ਵਿਰੋਧੀ ਅਨਸਰਾਂ ਨੂੰ ਸਿਰ ਨਹੀਂ ਚੁੱਕਣ ਦਿੱਤਾ ਜਾਵੇਗਾ। ਉਨ੍ਹਾਂ ਕਸਬਾ ਹਰਿਆਣਾ ਦੇ ਨਿਵਾਸੀਆਂ ਅਤੇ ਕੌਂਸਲਰਾਂ ਨੂੰ ਅਪੀਲ ਕੀਤੀ ਕਿ ਉਹ ਛੋਟੇ ਮੋਟੇ ਝਗੜਿਆਂ ਨੂੰ ਆਪਣੇ ਪੱਧਰ 'ਤੇ ਹੀ ਸੁਲਝਾਉਣ ਦੀ ਕੋਸ਼ਿਸ਼ ਕਰਨ।

ਨਸ਼ਿਆਂ ਦੇ ਸਬੰਧ 'ਚ ਉਨ੍ਹਾਂ ਲੋਕਾਂ ਦੇ ਸਹਿਯੋਗ ਦੀ ਮੰਗ ਕਰਦਿਆਂ ਕਿਹਾ ਕਿ ਨਸ਼ਿਆ ਦੇ ਖ਼ਿਲਾਫ਼ ਸ਼ੁਰੂ ਕੀਤੀ ਗਈ ਮੁਹਿੰਮ ਤਹਿਤ ਲੋਕ ਆਪਣਾਂ ਆਲਾ-ਦੁਆਲਾ ਸੁਰੱਖਿਅਤ ਕਰਦਿਆਂ ਸ਼ੱਕੀ ਵਸਤੂਆਂ ਅਤੇ ਸ਼ੱਕੀ ਵਿਅਕਤੀਆਂ ਦੀ ਇਤਲਾਹ ਤੁਰੰਤ ਪੁਲਿਸ ਨੂੰ ਦੇਣ। ਉਨ੍ਹਾਂ ਕਿਹਾ ਕਿ ਟ੍ਰੈਫ਼ਿਕ ਨਿਯਮਾਂ ਦੀ ਉਲੰਘਣਾਂ ਕਰਦਿਆਂ ਬੁਲਟ ਮੋਟਰਸਾਈਕਲ 'ਤੇ ਪਟਾਕੇ ਪਾਉਂਣ ਵਾਲੇ ਮਨਚਲੇ ਨੌਜਵਾਨਾਂ ਨੂੰ ਬਖਸ਼ਿਆ ਨਹੀਂ ਜਾਵੇਗਾ।ਉਨ੍ਹਾਂ ਕਿਹਾ ਕਿ ਕਸਬਾ ਹਰਿਆਣਾ ਦੇ ਮੁੱਖ ਬਾਜਾਰਾਂ 'ਚ ਟ੍ਰੈਫ਼ਿਕ 'ਚ ਵਿਘਨ ਬਣਨ ਵਾਲੇ ਵਹੀਕਲਾਂ ਨੂੰ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

# ਫੂਡ ਸੇਫਟੀ ਟੀਮ ਵੱਲੋਂ ਹੁਸ਼ਿਆਰਪੁਰ ਦੇ ਗੁੜ ਬਣਾਉਣ ਵਾਲੇ ਬੇਲਣਿਆਂ ਦੀ ਚੈਕਿੰਗ 4 ਸੈਂਪਲ ਭਰੇ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਜਨਵਰੀ INTERNATIONAL PAPER, 94636 01616 hardipchumber57@gmail.com

ਹੁ ਸ਼ਿ ਆ ਰ ਪੁ ਰ (ਸਤਨਾਮ ਸਿੰਘ ਸਹੂੰਗੜਾ) ਅੱਜ ਫੂਡ ਸੇਫਟੀ ਟੀਮ ਹੁਸ਼ਿਆਰਪੁਰ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਖੇਤਰਾਂ ਵਿੱਚ ਖਾਧ ਪਦਾਰਥਾਂ ਦੀ ਗੁਣਵੱਤਾ ਦੀ ਜਾਂਚ ਲਈ ਚੈਕਿੰਗ ਮੁਹਿੰਮ ਚਲਾਈ ਗਈ। ਫੂਡ ਸੇਫਟੀ ਅਫਸਰ ਸ੍ਰੀ ਵਿਵੇਕ ਕੁਮਾਰ ਦੀ ਅਗਵਾਈ ਹੇਠ ਟੀਮ ਵੱਲੋਂ ਹੁਸ਼ਿਆਰਪੁਰ ਸ਼ਹਿਰ ਵਿੱਚ ਸਥਿਤ ਖਾਧ ਪਦਾਰਥ ਵਿਕਰੇਤਾਵਾਂ ਦੀ ਚੈਕਿੰਗ ਕੀਤੀ ਗਈ। ਜਿਸ ਦੌਰਾਨ ਗੱਜਕ ਦਾ ਇੱਕ ਸੈਂਪਲ ਭਰਿਆ ਗਿਆ। ਇਸ ਤੋਂ ਇਲਾਵਾ ਬੁੱਲੋਵਾਲ ਰੋਡ 'ਤੇ ਸਥਿਤ ਗੁੜ ਦੇ ਬੇਲਣਿਆਂ ਦੀ ਵੀ ਜਾਂਚ ਕੀਤੀ ਗਈ ਅਤੇ ਉਥੋਂ ਗੁੜ ਦੇ ਦੋ ਸੈਂਪਲ ਇਕੱਠੇ ਕੀਤੇ ਗਏ। ਲੋਹੜੀ ਤਿਉਹਾਰ ਦੇ ਮੱਦੇਨਜ਼ਰ ਲੋਕਾਂ ਵੱਲੋਂ ਵੱਧ ਮਾਤਰਾ ਵਿੱਚ ਵਰਤੇ ਜਾਣ ਵਾਲੇ ਖਾਧ ਪਦਾਰਥਾਂ ਦੀ ਗੁਣਵੱਤਾ ਯਕੀਨੀ ਬਣਾਉਣ ਲਈ ਆਟਾ, ਗੁੜ ਅਤੇ ਗੱਜਕ ਦੇ ਕੁੱਲ ਚਾਰ ਸੈਂਪਲ ਭਰੇ ਗਏ ਹਨ। ਇਨ੍ਹਾਂ ਵਿੱਚੋਂ ਇੱਕ ਸੈਂਪਲ ਸ਼ਿਕਾਇਤ ਦੇ ਆਧਾਰ 'ਤੇ ਭਰਿਆ ਗਿਆ ਹੈ। ਸਾਰੇ ਸੈਂਪਲ ਟੈਸਟਿੰਗ ਲਈ ਫੂਡ ਲੈਬ ਖਰੜ ਭੇਜੇ ਗਏ ਹਨ ਅਤੇ ਰਿਪੋਰਟ ਪ੍ਰਾਪਤ ਹੋਣ ਉਪਰੰਤ ਨਿਯਮਾਂ ਅਨੁਸਾਰ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਿਹਤ ਅਧਿਕਾਰੀ ਡਾ. ਜਤਿੰਦਰ ਭਾਟੀਆ ਨੇ ਦੱਸਿਆ ਕਿ ਚੈਕਿੰਗ ਦੌਰਾਨ ਸਾਰੇ ਖਾਧ ਪਦਾਰਥ ਵਿਕਰੇਤਾਵਾਂ ਨੂੰ FS-SAI ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ, ਵੈਧ ਲਾਇਸੈਂਸ ਰੱਖਣ ਅਤੇ ਸਾਫ਼-ਸੁਥਰੇ ਤਰੀਕਿਆਂ ਨਾਲ ਖਾਧ ਪਦਾਰਥਾਂ ਦੀ ਤਿਆਰੀ ਤੇ ਵਿਕਰੀ ਕਰਨ ਲਈ ਸਖ਼ਤ ਹਦਾਇਤਾਂ ਦਿੱਤੀਆਂ ਗਈਆਂ ਹਨ। ਉਹਨਾਂ ਕਿਹਾ ਕਿ ਜੇਕਰ ਕੋਈ ਵੀ ਵਿਕਰੇਤਾ ਖਾਧ ਪਦਾਰਥਾਂ ਵਿੱਚ ਮਿਲਾਵਟ ਕਰਦਾ ਜਾਂ ਗੁਣਵੱਤਾ ਨਾਲ ਸਮਝੌਤਾ ਕਰਦਾ ਪਾਇਆ ਗਿਆ, ਤਾਂ ਉਸ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।



# ਪੈਰਾਮਾਊਂਟ ਕਲੋਨੀ 'ਚ 32 ਲੱਖ ਰੁਪਏ ਦੀ ਲਾਗਤ ਨਾਲ ਟਿਊਬਵੈੱਲ ਨਿਰਮਾਣ ਕਾਰਜ ਸ਼ੁਰੂ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਜਨਵਰੀ INTERNATIONAL PAPER, 94636 01616 hardipchumber57@gmail.com



ਹੁ ਸ਼ਿ ਆ ਰ ਪੁ ਰ (ਸਤਨਾਮ ਸਿੰਘ ਸਹੂੰਗੜਾ) ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਅੱਜ ਵਾਰਡ ਨੰਬਰ 29 ਦੀ ਪੈਰਾਮਾਊਂਟ ਕਲੋਨੀ ਵਿੱਚ 32 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਨਵੇਂ ਟਿਊਬਵੈੱਲ ਦੇ ਨਿਰਮਾਣ ਕਾਰਜ ਦਾ ਰਸਮੀ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਇਲਾਕੇ ਵਿੱਚ ਪਹਿਲਾਂ ਤੋਂ ਲੱਗੇ ਟਿਊਬਵੈੱਲ ਦੇ ਬੋਰ ਖ਼ਰਾਬ ਹੋਣ ਕਾਰਨ ਸਥਾਨਕ ਵਸਨੀਕਾਂ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ ਵਿੱਚ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਲੋਕਾਂ ਦੀ ਇਸ ਸਮੱਸਿਆ ਨੂੰ ਧਿਆਨ ਵਿੱਚ ਰੱਖਦੇ ਹੋਏ, ਇਸ ਕੰਮ ਨੂੰ ਐਮਰਜੈਂਸੀ ਸਥਿਤੀ ਵਿੱਚ ਮਨਜ਼ੂਰੀ ਦਿੱਤੀ ਗਈ ਹੈ, ਤਾਂ ਜੋ ਕਿਸੇ ਵੀ ਨਾਗਰਿਕ ਨੂੰ ਪਾਣੀ ਦੀ ਕਿੱਲਤ ਦਾ ਸਾਹਮਣਾ ਨਾ ਕਰਨਾ ਪਵੇ। ਵਿਧਾਇਕ ਜਿੰਪਾ ਨੇ ਕਿਹਾ ਕਿ ਸਾਫ਼ ਅਤੇ ਨਿਯਮਿਤ ਪੀਣ ਵਾਲੇ ਪਾਣੀ ਦੀ ਸਪਲਾਈ ਸਰਕਾਰ ਦੀਆਂ ਤਰਜ਼ੀਹਾਂ ਵਿੱਚੋਂ ਇਕ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਸ਼ਹਿਰ ਦੇ ਵੱਖ-ਵੱਖ ਵਾਰਡਾਂ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਨਿਰੰਤਰ ਵਿਕਾਸ ਕਾਰਜ ਕੀਤੇ ਜਾ ਰਹੇ ਹਨ। ਇਸ ਟਿਊਬਵੈੱਲ ਦੇ ਨਿਰਮਾਣ ਨਾਲ ਪੈਰਾਮਾਊਂਟ ਕਲੋਨੀ ਅਤੇ ਆਲੇ-ਦੁਆਲੇ ਦੇ ਇਲਾਕਿਆਂ ਦੇ ਸੈਂਕੜੇ ਪਰਿਵਾਰਾਂ ਨੂੰ ਸਿੱਧਾ ਲਾਭ ਹੋਵੇਗਾ ਅਤੇ ਲੰਬੇ ਸਮੇਂ ਤੋਂ ਚੱਲੀ ਆ ਰਹੀ ਪਾਣੀ ਦੀ ਸਮੱਸਿਆ ਦਾ ਸਥਾਈ ਹੱਲ ਮਿਲੇਗਾ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਨਿਰਮਾਣ ਕਾਰਜ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਪੂਰਾ ਕੀਤਾ ਜਾਵੇ ਅਤੇ ਗੁਣਵੱਤਾ ਨਾਲ ਕੋਈ ਸਮਝੌਤਾ ਨਾ ਕੀਤਾ ਜਾਵੇ। ਵਿਧਾਇਕ ਨੇ ਕਿਹਾ ਕਿ ਜਨਤਕ ਸਹੂਲਤਾਂ ਨਾਲ ਸਬੰਧਤ ਕੰਮਾਂ ਵਿੱਚ ਪਾਰਦਰਸ਼ਤਾ ਅਤੇ ਸਮਾਂਬੱਧਤਾ ਨੂੰ ਯਕੀਨੀ ਬਣਾਇਆ ਜਾਵੇਗਾ।

# ਨਸ਼ਿਆਂ ਅਤੇ ਹੋਰਨਾਂ ਅਲਾਮਤਾਂ ਤੋਂ ਦੂਰ ਰਹਿਣ ਲਈ ਕੀਤਾ ਜਾਗਰੂਕ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਜਨਵਰੀ INTERNATIONAL PAPER, 94636 01616 hardipchumber57@gmail.com




ਹੁ ਸ਼ਿ ਆ ਰ ਪੁ ਰ (ਸਤਨਾਮ ਸਿੰਘ ਸਹੂੰਗੜਾ) ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਵੱਲੋਂ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ. ਏ.ਐਸ ਨਗਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਤੇ ਸੈਸ਼ਨ ਜੱਜ ਰਜਿੰਦਰ ਅਗਰਵਾਲ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੀਰਜ ਗੋਇਲ ਵੱਲੋਂ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਸਬ-ਡਵੀਜ਼ਨਾਂ ਦੇ ਵੱਖ-ਵੱਖ ਪਿੰਡਾਂ ਵਿੱਚ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ।ਇਸ ਮੌਕੇ ਪੈਨਲ ਐਡਵੋਕੇਟਾਂ ਵੱਲੋਂ ਬਾਲ ਵਿਵਾਹ ਮੁਕਤ ਭਾਰਤੇ ਮੁਹਿੰਮ ਸਬੰਧੀ ਕਾਨੂੰਨੀ ਹੱਕਾਂ ਬਾਰੇ ਜਾਣਕਾਰੀ ਦਿੰਦੇ ਹੋਏ ਧਿਆਨ ਵਿੱਚ ਲਿਆਂਦਾ ਗਿਆ ਕਿ ਲੜਕੀ ਦੀ ਵਿਆਹ ਦੀ ਉਮਰ 18 ਸਾਲ ਤੇ ਘੱਟ ਨਾ ਹੋਵੇ ਅਤੇ ਲੜਕੇ ਦੀ ਉਮਰ 21 ਸਾਲ ਤੇ ਘੱਟ ਨਹੀਂ ਹੋਣੀ ਚਾਹੀਦੀ। ਇਸ ਦੇ ਨਾਲ ਹੀ ਨਾਲਸਾ ਦੀ ਵਾਤਾਵਰਨ ਕਾਨੂੰਨੀ ਸਾਖ਼ਰਤਾ ਅਤੇ ਭਾਈਚਾਰਕ ਸੁਰੱਖਿਆ ਪਹਿਲਕਦਮੀ, ਜਿਸ ਦਾ ਸਿਰਲੇਖ ਅੱਜ ਦੀ ਰੱਖਿਆ ਕਰੋ, ਕੱਲ੍ਹ ਨੂੰ ਸੁਰੱਖਿਅਤ ਕਰੋ ਸੀ, ਬਾਰੇ ਦੱਸਦੇ ਹੋਏ ਲੋਕਾਂ ਨੂੰ ਜਾਣਕਾਰੀ ਦਿੱਤੀ ਗਈ ਕਿ ਪਿੰਡਾਂ ਵਿੱਚ ਪਰਾਲੀ ਨੂੰ ਨਾ ਸਾੜਿਆ ਜਾਵੇ, ਨਾ ਹੀ ਪਲਾਸਟਿਕ ਨੂੰ ਅੱਗ ਲਗਾਈ ਜਾਵੇ, ਕਿਉਂਕਿ ਇਸ ਦੇ ਧੂੰਏਂ ਤੋਂ ਪ੍ਰਦੂਸ਼ਨ ਹਵਾ ਵਿੱਚ ਫ਼ੈਲਦਾ ਹੈ, ਜਿਸ ਨਾਲ ਕਈ ਬਿਮਾਰੀਆਂ ਲੱਗਦੀਆਂ ਹਨ। ਇਸ ਤੋਂ ਇਲਾਵਾ ਐਚ।ਆਈ।ਵੀ ਏਡਜ਼ ਮੁਹਿੰਮ ਬਾਰੇ ਜਾਣਕਾਰੀ ਦਿੱਤੀ ਗਈ। ਨਸ਼ਿਆਂ ਖਿਲਾਫ ਮੁਹਿੰਮ ਸਬੰਧੀ ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਦਾ ਉਦੇਸ਼ ਨੌਜਵਾਨ ਪੀੜ੍ਹੀ ਨੂੰ ਭਵਿੱਖ ਵਿਚ ਨਸ਼ੇ ਨੂੰ ਤਿਆਗ ਕੇ ਚੰਗੇ ਕੰਮ ਕਰਨ ਲਈ ਪ੍ਰੇਰਿਤ ਕਰਨਾ ਹੈ, ਤਾਂ ਜੋ ਚੰਗੇ ਸਮਾਜ ਦੀ ਰਚਨਾ ਕੀਤੀ ਜਾ ਸਕੇ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਨਸ਼ੇ ਦੇ ਸੇਵਨ ਨਾਲ ਮਨੁੱਖੀ ਜੀਵਨ ਬਰਬਾਦ ਹੋ ਜਾਂਦਾ ਹੈ ਅਤੇ ਘਰ ਵਿੱਚ ਅਸ਼ਾਂਤੀ ਪੈਦਾ ਹੁੰਦੀ ਹੈ। ਨਾਲਸਾ (ਡਰੱਗ ਜਾਗਰੂਕਤਾ ਅਤੇ ਤੰਦਰੁਸਤੀ ਨੈਵੀਗੇਸ਼ਨ ਡਰੱਗ ਮੁਕਤ ਭਾਰਤ ਲਈ) ਯੋਜਨਾ 2025 ਅਤੇ ਸਿਹਤ, ਪਰਿਵਾਰਕ ਅਤੇ ਸਮਾਜਿਕ ਜੀਵਨ ਤੇ ਨਸ਼ਿਆਂ ਦਾ ਪ੍ਰਭਾਵ ਅਤੇ ਐਨ।ਡੀ।ਪੀ।ਐਸ। ਐਕਟ ਦੇ ਕਾਨੂੰਨੀ ਉਪਬੰਧਾਂ ਦਾ ਬਾਰੇ ਵੀ ਜਾਣਕਾਰੀ ਦਿੱਤੀ ਗਈ। ਅਖ਼ੀਰ ਵਿੱਚ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਵਿੱਚ ਕੰਮ ਕਰ ਰਹੇ ਪੈਰਾ ਲੀਗਲ ਵਲੰਟੀਅਰਾਂ ਵੱਲੋ ਪ੍ਰਚਾਰ ਸਮੱਗਰੀ ਵੰਡੀ ਗਈ।

"Equality and justice"
Patiala 08 January
INTERNATIONAL PAPER, 94636 01616
hardipchumber57@gmail.com

# ਮੈਨੂੰ ਮੇਰੇ ਸਮਾਜ ਦੇ ਪੜ੍ਹੇ-ਲਿਖੇ ਲੋਕਾਂ ਨੇ ਧੋਖਾ ਦਿੱਤਾ

## ਕੀ ਡਾ. ਅੰਬੇਡਕਰ ਦਾ ਗਿਲਾ ਅਸਲ ਵਿੱਚ ਇੱਕ ਚੇਤਾਵਨੀ ਸੀ?

ਪ੍ਰੋਫੈਸਰ ਮਨਜੀਤ ਤਿਆਗੀ 'ਸਟੇਟ ਐਵਾਰਡੀ'
ਸੰਸਥਾਪਕ ਤੇ ਮੁੱਖ ਬੁਲਾਰਾ: ਮਿਸ਼ਨ "ਜ਼ਿੰਦਗੀ ਖ਼ੂਬਸੂਰਤ ਹੈ"
ਮਾਲੇਰਕੋਟਲਾ/ ਅੰਮ੍ਰਿਤਸਰ 9814096108

ਡਾਕਟਰ ਭੀਮ ਰਾਓ ਅੰਬੇਡਕਰ ਨੇ ਸਾਰੀ ਉਮਰ ਮਨੁੱਖਤਾ ਦੀ ਭਲਾਈ ਲਈ ਕੰਮ ਕੀਤਾ ਖਾਸ ਤੌਰ 'ਤੇ ਉਹ ਦੱਬੇ-ਕੁਚਲੇ ਲੋਕਾਂ ਨੂੰ ਸਮਾਜਿਕ ਤੇ ਆਰਥਿਕ ਬਰਾਬਰੀ ਦਿਵਾਉਣ ਲਈ ਤਤਪਰ ਰਹਿੰਦੇ ਸਨ। ਇੱਕ ਵਿਚਾਰ ਦਾ ਅਕਸਰ ਹੀ ਉਹ ਜ਼ਿਕਰ ਕਰਦੇ ਕਿ ਜਦੋਂ ਕੋਈ ਹਿੰਦੂ ਔਰਤ ਗਰਭਵਤੀ ਹੁੰਦੀ ਹੈ ਤਾਂ ਉਹ ਦੇਖਦੀ ਹੈ ਕਿ ਜੱਜ ਦੀ ਕੁਰਸੀ ਕਿੱਥੇ ਖਾਲੀ ਹੈ ਤਾਂ ਕਿ ਅੱਗੇ ਜਾ ਕੇ ਉਹ ਆਪਣੇ ਬੇਟੇ ਨੂੰ ਇਸ 'ਤੇ ਬਿਠਾਉਣ ਦਾ ਪ੍ਰਬੰਧ ਕਰ ਸਕੇ। ਇਸ ਤੋਂ ਉਲਟ ਜਦੋਂ ਕੋਈ ਗ਼ਰੀਬ ਔਰਤ ਗਰਭਵਤੀ ਹੁੰਦੀ ਸੀ ਉਹ ਦੇਖਦੀ ਸੀ ਕਿ ਕਮੇਟੀ ਵਿੱਚ ਕੋਈ ਝਾੜੂ ਵਾਲੇ ਜਮਾਦਾਰ ਦੀ ਪੋਸਟ ਖਾਲੀ ਹੈ ਕਿ ਨਹੀਂ। ਇਸ ਸਮੇਂ ਦੌਰਾਨ ਅੰਗਰੇਜ਼ ਸਰਕਾਰ ਨੇ ਮੁਸਲਿਮ ਯੂਨੀਵਰਸਿਟੀ ਅਲੀਗੜ੍ਹ ਅਤੇ ਹਿੰਦੂ ਯੂਨੀਵਰਸਿਟੀ ਬਨਾਰਸ ਨੂੰ ਕਈ ਲੱਖ ਰੁਪਏ ਦੀ ਗਰਾਂਟ ਮਨਜ਼ੂਰ ਕਰ ਦਿੱਤੀ। ਦੋਨੋ ਯੂਨੀਵਰਸਿਟੀਆਂ ਨੂੰ ਵਿਸ਼ੇਸ਼ ਪੈਕੇਜ ਦੇਣ ਦੀ ਖ਼ਬਰ ਜਿਵੇਂ ਹੀ ਡਾ: ਅੰਬੇਡਕਰ ਨੂੰ ਮਿਲੀ ਉਹ ਅੰਗਰੇਜ਼ ਗਵਰਨਰ ਨੂੰ ਮਿਲੇ। ਉਨ੍ਹਾਂ ਨੇ ਆਪਣੀ ਵਿਦਵਤਾ ਭਰਭੂਰ ਗੱਲਬਾਤ ਨਾਲ ਗਵਰਨਰ ਨੂੰ ਸਰਕਾਰੀ ਖ਼ਰਚੇ 'ਤੇ ਅਛੂਤ ਬੱਚਿਆਂ ਦੇ ਬੈਚ ਨੂੰ ਉੱਚ-ਸਿੱਖਿਆ ਪ੍ਰਾਪਤ ਕਰਨ ਲਈ ਇੰਗਲੈਂਡ ਭੇਜਣ ਲਈ ਹਾਂ ਕਰਵਾ ਲਈ। ਇਸ 'ਕੋਲੋਂਬੋ ਪਲਾਨ' ਤਹਿਤ ੧੯੪੪ 'ਚ ੧੫ ਵਿਦਿਆਰਥੀਆਂ ਦਾ ਪਹਿਲਾ ਬੈਚ ਭੇਜਿਆ ਗਿਆ ਤੇ ੧੯੪੬ 'ਚ ੧੬ ਵਿਦਿਆਰਥੀਆਂ ਦਾ ਦੂਜਾ ਬੈਚ ਭੇਜਿਆ ਗਿਆ। ਦੂਜੇ ਬੈਚ ਵਿੱਚ ਐਮ. ਆਰ. ਬੋਡਲੇ, ਬੀ. ਡੀ. ਖੋਵਰਾਗੜੇ, ਬੀ. ਬੀ. ਕਦਮ, ਏ. ਆਰ. ਕਾਇਲ, ਵਾਈ. ਸੀ. ਗਾਇਕਵਾੜ, ਟੀ. ਬੀ. ਆਵਾਲੇ, ਕੋਲਾਟਾ ਰਲਦੇਵ ਸਿੰਘ, ਚੌਧਰੀ ਰੇਅ, ਪੀ. ਕੇ. ਕਾਇਲ, ਐਮ. ਏ. ਕਾਂਬਲੇ, ਡੀ. ਐਸ. ਯੇਜੂਰੀਕਰ, ਐਸ. ਬੀ. ਗਾਇੱਕਵਾੜ, ਐਨ.ਜੀ.ਓ.ਕੇ., ਐਮ. ਐਮ. ਵਾਨਖੇੜੇ, ਐਲ. ਆਰ. ਬਹਿਰਾ, ਸਿਧਾਰਥ ਮੁਲਾਹਰੀ ਦਿਖਲੇ, ਸ਼ਾਮਲ ਸਨ। ਦੂਜੇ ਬੈਚ ਵਿੱਚ ਭਾਵੇਂ ਬੀ. ਡੀ. ਖੋਵਰਾਗੜੇ ਆਪਣੇ ਖ਼ਰਚੇ 'ਤੇ ਪੜ੍ਹਾਈ ਕਰਨ ਗਏ ਸਨ ਪਰ ਉਹ ਲੰਮਾ ਸਮਾਂ ਬਾਬਾ ਸਾਹਿਬ ਦੇ ਮਿਸ਼ਨ ਨਾਲ ਜੁੜੇ ਰਹੇ। ਇਨ੍ਹਾਂ ਸਾਰੇ ਵਿਦਿਆਰਥੀਆਂ ਦੀ ਡਾ: ਅੰਬੇਡਕਰ ਨੇ ਹੀ ਸਿਫਾਰਸ਼ ਕੀਤੀ ਸੀ ਤੇ ਉਨ੍ਹਾਂ ਨੂੰ ਨਸੀਅਤ ਦਿੱਤੀ ਸੀ ਕਿ ਓਥੇ ਉਹ ਬਿਨਾਂ ਭੇਦ-ਭਾਵ ਤੋਂ ਹੋਰਨਾਂ ਜਾਤਾਂ ਦੇ ਵਿਦਿਆਰਥੀਆਂ ਵਾਂਗ ਉੱਚ ਸਿੱਖਿਆ ਪ੍ਰਾਪਤ ਕਰਨਗੇ ਤੇ ਕੋਈ ਪੈਸਾ ਵੀ ਖ਼ਰਚ ਨਹੀਂ ਕਰਨਾ ਪਵੇਗਾ। ਆਪ ਜੀ ਨੇ ਉਨ੍ਹਾਂ ਨੂੰ ਨਸੀਅਤ ਦਿੰਦੇ ਹੋਏ ਕਿਹਾ ਸੀ, "ਜਦੋਂ ਤੁਸੀਂ ਸਿੱਖਿਅਤ ਅਤੇ ਕਾਬਿਲ ਇਨਸਾਨ ਬਣ ਗਏ ਤਾਂ ਵਾਪਿਸ ਆ ਕੇ ਸਮਾਜ ਨੂੰ ਗ਼ਰੀਬੀ ਤੇ ਅਗਿਆਨਤਾ ਦੀ ਦਲਦਲ 'ਚੋਂ ਕੱਢਣ ਲਈ ਜ਼ਰੂਰ ਯਤਨ ਕਰਨਾ"। ਬਾਬਾ ਸਾਹਿਬ ਗਿਆਨ ਨੂੰ ਇੱਕ ਸ਼ਕਤੀ ਵਜੋਂ ਲੈਂਦੇ ਸਨ। ਉਹ ਕਿਹਾ ਕਰਦੇ ਸਨ ਕਿ ਅਨੁਸੂਚਿਤ ਜਾਤੀਆਂ ਦੇ ਲੋਕ ਉਨ੍ਹਾਂ ਚਿਰ ਆਪਣੀ ਸੁਤੰਤਰਤਾ ਅਤੇ ਮੁਕਤੀ ਪ੍ਰਾਪਤ ਨਹੀਂ ਕਰ ਸਕਦੇ ਜਿੰਨ੍ਹਾਂ ਚਿਰ ਉਹ ਗਿਆਨ ਦੇ ਖ਼ੇਤਰ 'ਚ ਡੂੰਘਾ ਨਹੀਂ ਉਤਰਦੇ। ਉਹ ਚਾਹੁੰਦੇ ਸਨ ਕਿ ਦਲਿਤ ਸਮਾਜ ਦੇ ਵਿਦਿਆਰਥੀ ਗਿਆਨ ਹਾਸਲ ਕਰਨ ਅਤੇ ਸਮਾਜ ਨੂੰ ਅਗਵਾਈ ਦੇਣ। ਪਰ ਹੋਇਆ ਇਸ ਤੋਂ ਉਲਟ ਕਿਉਂਕਿ ਬਹੁਤੇ ਦਲਿਤ ਵਿਦਿਆਰਥੀ ਪੜ੍ਹ ਕੇ ਵਿਦੇਸ਼ਾਂ ਵਿੱਚ ਹੀ ਸੈਟਲ ਹੋ ਗਏ।ਪੜ੍ਹਾਈ ਪੂਰੀ ਕਰਨ ਉਪਰੰਤ ਦੋਨੋ ਬੈਚਾਂ ਦੇ ਵਿਦਿਆਰਥੀਆਂ ਵਿੱਚੋਂ ਸਿਰਫ ਦੋ ਚਾਰ ਵਿਦਿਆਰਥੀਆਂ ਨੇ ਹੀ ਸਮਾਜ ਦੀ ਭਲਾਈ ਲਈ ਸਮਾਂ ਦਿੱਤਾ। ਜਿਨ੍ਹਾਂ ਵਿੱਚੋਂ ਸ੍ਰੀ ਐਨ.ਜੀ.ਓ.ਕੇ. ਪ੍ਰਮੁੱਖ ਸਨ। ਸ੍ਰੀ ਐਨ.ਜੀ.ਓ.ਕੇ. ਨੇ ਭਾਰਤ ਵਾਪਿਸ ਆ ਕੇ ਆਈ. ਏ. ਐਸ. ਦੀ ਨੌਕਰੀ ਪ੍ਰਾਪਤ ਕੀਤੀ ਤੇ ਆਪਣੇ ਸੇਵਾ ਕਾਲ ਦੌਰਾਨ ਹੀ ਨਹੀਂ ਸਗੋਂ ਰਿਟਾਇਰਮੈਂਟ ਤੋਂ ਬਾਅਦ ਵੀ ਬਾਬਾ ਸਾਹਿਬ ਦੇ ਮਿਸ਼ਨ ਨਾਲ ਜੁੜੇ ਰਹੇ। ਜਦੋਂ ਦੋਵੇ ਬੈਚਾਂ ਦੇ ਜ਼ਿਆਦਾਤਰ ਪੜ੍ਹਾਕੂਆਂ ਨੇ ਆਮ ਲੋਕਾਂ ਲਈ ਕੁੱਝ ਵੀ ਨਾ ਕੀਤਾ ਤਾਂ ਡਾ. ਅੰਬੇਡਕਰ ਦਾ ਸੁਪਨਾ ਚਕਨਾ-ਚੂਰ ਹੋ ਗਿਆ। ਡਾ. ਅੰਬੇਡਕਰ ਨੇ ਸੋਚਿਆ ਸੀ ਕਿ ਜੇਕਰ ਉਹ ਵਿਦੇਸ਼ਾਂ ਦੀ ਆਜ਼ਾਦ ਫ਼ਿਓਮਪ;ਜ਼ਾ ਵਿੱਚ, ਜਾਤੀਵਾਦੀ ਅਤੇ ਮਨੂੰਵਾਦੀ ਸਿਸਟਮ ਤੋਂ ਦੂਰ ਰਹਿ ਕੇ, ਪੜ੍ਹ ਕੇ ਆਪਣੇ ਸਮਾਜ ਲਈ ਇੰਨਾ ਕੁੱਝ ਕਰ ਸਕਦਾ ਹੈ ਤਾਂ ਵੀਹ-ਤੀਹ ਦਲਿਤ ਵਿਦਿਆਰਥੀ ਤਾਂ ਬਹੁਤ ਵੱਡੇ ਪੱਧਰ 'ਤੇ ਸਮਾਜਿਕ ਪਰਿਵਰਤਨ ਕਰ ਦੇਣਗੇ। ਸਮਾਂ ਬੀਤਣ ਦੇ ਨਾਲ-ਨਾਲ ਲੋਕ ਪੜ੍ਹ-ਲਿਖ ਕੇ ਸਰਕਾਰੀ ਬਾਬੂ ਤਾਂ ਬਣਦੇ ਰਹੇ ਪਰ ਬਾਬਾ ਸਾਹਿਬ ਦੀ ਇਸ ਉਮੀਦ ਨੂੰ ਬੂਰ ਨਾ ਪਿਆ। ਡਾਕਟਰ ਅੰਬੇਡਕਰ ਨੇ ਸਮਾਜ ਨੂੰ ਉਥਾਨ ਵੱਲ ਲਿਜਾਣ ਲਈ 'ਪੜ੍ਹੋ, ਜੁੜੋ ਤੇ ਸੰਘਰਸ਼ ਕਰੋ' ਨਾਮ ਦਾ ਅਰਥਭਰਪੂਰ 'ਮੂਲ ਮੰਤਰ' ਦਿੱਤਾ। ਪਰ ਬਾਬਾ ਸਾਹਿਬ ਵੱਲੋਂ ਦਿੱਤੇ ਪਹਿਲੇ ਆਦੇਸ਼ 'ਸਿੱਖਿਅਤ ਬਣੋ' ਦੇ ਅਨੁਸਾਰ ਕੁੱਝ ਲੋਕਾਂ ਨੇ ਵਿੱਦਿਆ ਪ੍ਰਾਪਤੀ ਨੂੰ ਆਪਣੀ ਨਿੱਜੀ ਸਫਲਤਾ ਦਾ ਸਾਧਨ ਬਣਾ ਕੇ ਆਪਣੇ ਪਰਿਵਾਰ ਤੱਕ ਹੀ ਸੀਮਤ ਕਰ ਲਿਆ। ਦੂਜਾ ਆਦੇਸ਼ 'ਸੰਘਰਸ਼ ਕਰੋ' ਨੂੰ ਸਿਰਫ ਸਿਆਸੀ ਲੀਡਰਾਂ ਦਾ ਕੰਮ ਸਮਝ ਕੇ ਉਸ ਨੂੰ ਅਣਗੌਲਿਆ ਕਰ ਦਿੱਤਾ। ਤੀਜੇ ਆਦੇਸ਼ 'ਸੰਗਠਿਤ ਹੋਵੋ' ਦੇ ਅਨੁਸਾਰ ਉਸ ਬਾਰੇ ਸਮਾਜ ਦਾ ਰਵੱਈਆ ਹੀ ਉਲਟ ਦਿਸ਼ਾ ਵੱਲ ਹੋ ਗਿਆ। ਇਹ ਸਭ ਵਰਤਾਰਾ ਦੇਖ ਕੇ ਡਾ. ਅੰਬੇਡਕਰ ਨੇ ੧੮ ਮਾਰਚ ੧੯੫੬ 'ਚ ਉੱਤਰ ਪ੍ਰਦੇਸ਼ ਦੇ ਆਗਰਾ ਸ਼ਹਿਰ ਵਿਖੇ ਇੱਕ ਵਿਸ਼ਾਲ ਇੱਕਠ ਨੂੰ ਸੰਬੋਧਿਨ ਕਰਦੇ ਹੋਏ ਆਪਣੇ ਭਾਸ਼ਣ 'ਚ ਬਹੁਜਨ ਸਮਾਜ ਦੇ ਪੜ੍ਹੇ-ਲਿਖੇ ਲੋਕਾਂ ਤੋਂ ਤੰਗ ਆ ਕੇ ਇਹ ਕਹਿਣਾ ਪਿਆ ਸੀ ਕਿ "ਪੜ੍ਹੇ-ਲਿਖੇ ਲੋਕਾਂ ਨੇ ਮੈਨੂੰ ਧੋਖਾ ਦਿੱਤਾ ਹੈ" ਮੈਂ ਸੋਚਿਆ ਸੀ ਕਿ ਇਹ ਪੜ੍ਹ ਲਿਖ ਕੇ ਆਪਣੇ ਸਮਾਜ ਦੇ ਲਈ ਇਮਾਨਦਾਰੀ ਨਾਲ ਕੰਮ ਕਰਨਗੇ ਲੇਕਿਨ ਮੈਂ ਦੇਖ ਰਿਹਾ ਹਾਂ ਕਿ ਇਹ ਆਪਣਾ ਤੇ ਆਪਣੇ ਪਰਿਵਾਰ ਦਾ ਹੀ ਪੇਟ ਪਾਲਣ 'ਚ ਮਗਨ ਹਨ। ਮੇਰੇ ਚਾਰੇ ਪਾਸੇ ਛੋਟੇ ਤੇ ਵੱਡੇ ਬਾਬੂਆਂ ਦੀ ਭੀੜ ਇੱਕੱਠੀ ਹੋ ਗਈ ਹੈ, ਜੋ ਕਿਸੇ ਕੰਮ ਦੀ ਨਹੀਂ ਹੈ ਅਤੇ ਹੁਣ ਮੈਂ ਇਨ੍ਹਾਂ ਪੜ੍ਹੇ-ਲਿਖੇ ਲੋਕਾਂ ਦੇ ਲਈ ਨਹੀਂ ਬਲਕਿ ਪਿੰਡਾਂ 'ਚ ਰਹਿ ਰਹੇ ਬੇ-ਸਹਾਰਾ ਲੋਕਾਂ ਦੀ ਲੜਾਈ ਹੀ ਲੜਾਂਗਾ।"



ਵਰਤਮਾਨ ਸਮੇਂ ਦੇ ਸੰਦਰਭ 'ਚ ਵੀ ਬਾਬਾ ਸਾਹਿਬ ਦਾ ਉਪਰੋਕਤ ਸ਼ਿਕਵਾ ਪੜ੍ਹੇ-ਲਿਖੇ ਇੱਕ ਅਕ੍ਰਿਤਘਣ ਵਰਗ 'ਤੇ ਅੱਜ ਵੀ ਢੁੱਕਦਾ ਹੈ ਜਿਸ ਨੂੰ ਬਾਬਾ ਸਾਹਿਬ ਦੀ ਬਦੌਲਤ ਸਕੂਲ ਜਾਂ ਕਾਲਜ 'ਚ ਦਾਖ਼ਲਾ ਮਿਲਿਆ, ਵਜ਼ੀਫ਼ਾ ਮਿਲਿਆ ਤੇ ਡਿਗਰੀ ਮਿਲੀ। ਪੜ੍ਹਾਈ ਪੂਰੀ ਕਰਨ ਉਪਰੰਤ ਜਦੋਂ ਇਹ ਭੁੱਖ-ਨੰਗ ਨਾਲ ਲੜਦੇ ਹੋਏ ਦੋ ਵੇਲੇ ਦੀ ਰੋਟੀ ਲਈ ਦਿਨ ਕਟੀ ਕਰ ਰਹੇ ਸਨ ਉਸ ਸਮੇਂ ਬਾਬਾ ਸਾਹਿਬ ਦੇ ਥਾਪੜੇ ਨਾਲ ਇਨ੍ਹਾਂ ਨੂੰ ਸਰਕਾਰੀ ਨੌਕਰੀਆਂ ਵੀ ਮਿਲ ਗਈਆਂ। ਸਰਕਾਰੀ ਮੁਲਾਜ਼ਮ ਬਣਦਿਆ ਹੀ ਇਨ੍ਹਾਂ ਦਾ ਦ੍ਰਿਸ਼ਟੀਕੋਣ ਬਦਲ ਜਾਂਦਾ ਹੈ। ਪਰ ਕਈ ਵਾਰ ਤਾਂ ਦੁੱਖ ਤੇ ਹੈਰਾਨੀ ਹੁੰਦੀ ਹੈ ਜਦੋਂ ਅੰਧਵਿਸਵਾਸ਼ ਵਿੱਚ ਜਕੜੇ ਕਈ 'ਲੱਕੜਸਿਰੇ' ਅੰਬੇਡਕਰ ਦੀ ਕੁਰਬਾਨੀ ਭੁੱਲ ਕੇ ਆਪਣੀ ਪਹਿਲੀ ਤਨਖ਼ਾਹ ਕਿਸੇ ਢੋਗੀ ਬਾਬਾ ਦੇ ਦਰਬਾਰ ਭੇਂਟ ਕਰ ਆਉਂਦੇ ਹਨ। ਚੰਗੇ ਭਵਿੱਖ ਜਾਂ ਦਾਜ ਦੇ ਲਾਲਚ ਕਾਰਨ ਇਹ ਨੌਜਵਾਨ ਲੜਕੇ-ਲੜਕੀਆਂ ਵਿਆਹ ਵੀ ਸਿਰਫ ਸਰਕਾਰੀ ਮੁਲਾਜ਼ਮ ਨਾਲ ਹੀ ਕਰਾਉਂਦੇ ਹਨ। ਫਿਰ ਤਨਖ਼ਾਹਾਂ 'ਤੇ ਲੋਨ ਲੈ ਕੇ ਪਹਿਲਾ ਕੋਠੀ ਤੇ ਫਿਰ ਕਾਰ ਦਾ ਇੰਤਜ਼ਾਮ ਕੀਤਾ ਜਾਂਦਾ ਹੈ। ਖ਼ਪਤਵਾਦ ਕਲਚਰ 'ਚ ਲੁਪਤ ਹੋ ਕਿ ਇਹ 'ਖਾਓ-ਪੀਓ ਐਸ ਕਰੋ' ਦੇ ਸਿਧਾਂਤ 'ਤੇ ਚਲਦਿਆਂ ਆਪਣੇ ਸਮਾਜ ਤੋਂ ਦੂਰ ਹੁੰਦੇ ਜਾਂਦੇ ਹਨ। ਬਦਲੀ ਦੇ ਡਰ ਤੋਂ ਇਹ ਕਿਸੇ ਸਮਾਜਿਕ ਸੰਗਠਨ ਨਾਲ ਜੁੜਨ ਤੋਂ ਗੁਰੇਜ਼ ਕਰਦੇ ਹਨ। ਇਹ ਜਨਾਬ ਤਾਂ ਗੋਡੇ ਜਾਂ ਮੋਢੇ ਦੇ ਦਰਦ ਜਾਂ ਸਮੇਂ ਦੀ ਘਾਟ ਦਾ ਬਹਾਨਾ ਲਾ ਕੇ ਸਮਾਜ ਭਲਾਈ ਦੇ ਕਾਰਜਾ ਤੋਂ ਪਰ੍ਹੇ ਰਹਿਣਾ ਹੀ ਪਸੰਦ ਕਰਦੇ ਹਨ ਕਿਉਂਕਿ ਇਹ ਸਭ ਇਹਨਾ ਨੂੰ ਸਮੇਂ ਦੀ ਬਰਬਾਦੀ ਲੱਗਦੇ ਹਨ। ਕਈ ਅਫਸਰਾਂ ਨੂੰ ਤਾਂ ਆਪਣੇ ਅਹੁਦੇ ਦਾ ਇਨਾ ਗਰੂਰ ਹੁੰਦਾ ਹੈ ਕਿ ਉਹ ਆਪਣੇ ਆਪ ਨੂੰ ਮਹਾਰਾਜਾ ਬੜੋਦਾ ਹੀ ਸਮਝਦੇ ਹਨ ਤੇ ਆਪਣੇ ਸਮਾਜ ਦੇ ਲੋਕਾਂ ਨੂੰ ਤੁੱਛ ਸਮਝਦੇ ਹਨ, ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਬਾਰੇ ਕੋਈ ਗੱਲ ਨਹੀਂ ਕਰਦੇ ਪਰ ਜਦੋਂ ਕਦੇ ਇਨ੍ਹਾਂ ਨੂੰ ਦੂਜੇ ਪਾਸੇ ਤੋਂ ਕੋਈ ਦੁਰਕਾਰ, ਫਿਟਕਾਰ ਜਾਂ ਬਿਪਤਾ ਪੈਂਦੀ ਹੈ ਫਿਰ ਇਹਨਾ ਕੋਲ ਇੱਕ ਹੀ ਗੱਲ ਹੁੰਦੀ ਹੈ ਕਿ ਦਲਿਤ ਹੋਣ ਕਰਕੇ ਮੈਨੂੰ ਟਾਰਗੇਟ ਕੀਤਾ ਜਾ ਰਿਹਾ ਹੈ। ਅਜਿਹੀ ਸਥਿਤੀ ਵਿੱਚ ਇਨ੍ਹਾਂ ਨੂੰ ਆਪਣੇ ਸਮਾਜ ਦੇ ਸੰਗਠਨ ਜਾਂ ਰਾਜਨਿਤਿਕ ਪਾਰਟੀ ਯਾਦ ਆਉਂਦੀ ਹੈ। ਅਸਲ ਵਿੱਚ ਇਹ ਇੱਕ ਬੋਗਸ ਜ਼ਿੰਦਗੀ ਜਿਉਂਦੇ ਹਨ। ਦੂਜੇ ਧਰਮ ਦੇ ਦੇਵੀ-ਦੇਵਤਿਆਂ ਦੀ ਪੂਜਾ ਕਰਕੇ, ਵਰਤ ਰੱਖ ਕੇ ਤੇ ਤਿਓਹਾਰ ਮਨਾ ਕੇ ਆਪਣੇ ਆਪ ਨੂੰ ਉਸ ਸਮਾਜ ਦਾ ਮੈਂਬਰ ਹੋਣ ਦਾ ਭਰਮ ਪਾਲਦੇ ਹਨ ਭਾਵੇਂ ਇਹ ਵਰਗ ਆਪਣੀ ਜਾਤੀ ਲੁਕਾਉਣ ਦੀ ਕੋਸ਼ਿਸ਼ ਕਰਦਾ ਹੈ ਪਰ ਕਲੋਨੀ ਅਤੇ ਵਿਭਾਗ ਦਾ ਹਰ ਬੰਦਾ ਸੱਚਾਈ ਤੋਂ ਵਾਕਫ ਹੁੰਦਾ ਹੈ। ਇਨ੍ਹਾਂ ਦੇ ਬੱਚਿਆਂ ਨੂੰ ਵੀ ਭਰਮ ਹੁੰਦਾ ਹੈ ਕਿ ਉਹ ਤਾਂ ਆਪਣੀ ਕਾਬਲੀਅਤ ਕਰਕੇ ਚੰਗੇ ਕੋਰਸ ਕਰ ਰਹੇ ਹਨ, ਅਜਿਹੇ ਬੱਚਿਆ ਨੂੰ ਵੱਖ-ਵੱਖ ਦਿਨਾਂ ਦੇ ਵਰਤਾਂ ਤੇ ਹੋਰ ਬਾਬਿਆਂ ਦੀ ਜਾਣਕਾਰੀ ਤਾਂ ਵਾਧੂ ਹੁੰਦੀ ਹੈ ਪਰ ਗਲਾ ਚੋਂ ਕੁੱਜੇ ਤੇ ਲੱਕ ਨਾਲੋ ਝਾੜੂ ਲਹਾ ਕੇ ਇਨਸਾਨ ਵਾਲਾ ਜੀਵਨ ਦਿਵਾਉਣ ਵਾਲੇ ਬਾਬਾ ਸਾਹਿਬ ਡਾਕਟਰ ਅੰਬੇਡਕਰ ਦੇ ਜੀਵਨ ਬਾਰੇ ਕੁੱਝ ਨਹੀਂ ਪਤਾ ਹੁੰਦਾ। (ਤਰੱਕੀ ਕਰਨਾ ਕੋਈ ਮਾੜੀ ਗੱਲ ਨਹੀਂ ਪਰ ਜਿਸ ਸ਼ਖ਼ਸੀਅਤ ਦੀ ਬਦੌਲਤ ਤਰੱਕੀ ਹੋ ਰਹੀ ਹੈ ਉਸ ਦੇ ਸਿਧਾਂਤ 'ਪੇ ਬੈਕ ਟੂ ਸੋਸ਼ਾਇਟੀ' ਤੇ ਮਿਸ਼ਨ ਨੂੰ ਭੁਲਣਾ ਤਾਂ ਉਸ ਸ਼ਖ਼ਸੀਅਤ ਨਾਲ ਗੱਦਾਰੀ ਹੀ ਹੈ )। ਇਹ ਇੱਕ ਸੱਚਾਈ ਹੈ ਕਿ ਅਨਪੜ੍ਹ ਜਾਂ ਘੱਟ ਪੜ੍ਹੇ-ਲਿਖੇ ਲੋਕਾਂ ਨੇ ਅੰਬੇਡਕਰਵਾਦ ਨੂੰ ਜਿਉਂਦਾ ਰੱਖਣ 'ਚ ਮਹੱਤਵਪੂਰਨ ਰੋਲ ਅਦਾ ਕੀਤਾ ਹੈ; ਰਾਖਵੇਂਕਰਨ ਰਾਹੀਂ ਨੌਕਰੀਆਂ ਕਰਦੇ ਜ਼ਿਆਦਾਤਰ ਸਰਕਾਰੀ ਬਾਬੂਆਂ ਨੂੰ ਤਾਂ ਆਪਣੇ ਘਰਾਂ 'ਚ ਬਣਾਏ ਪੂਜਾ ਘਰਾਂ 'ਚ ਤਰਾਂ੍- ਤਰ੍ਹਾਂ ਦੇ ਬਾਬਿਆਂ ਦੀਆਂ ਫੋਟੋਆਂ ਲਗਾਈਆਂ ਹੁੰਦੀਆਂ ਹਨ ਪਰ ਅੰਬੇਡਕਰ ਦੀ ਫੋਟੋ ਲਗਾਉਣ 'ਚ ਇਨ੍ਹਾਂ ਨੂੰ ਸ਼ਰਮ ਆਉਂਦੀ ਹੈ। ਖ਼ਪਤ ਕਲਚਰ 'ਚ ਲੁਪਤ ਇਨ੍ਹਾਂ ਦੇ ਬੱਚਿਆਂ ਨੂੰ ਡਾਕਟਰ ਅੰਬੇਡਕਰ ਬਾਰੇ ਬਹੁਤ ਘੱਟ ਜਾਣਕਾਰੀ ਹੁੰਦੀ ਹੈ। ਅਜਿਹੇ ਸਰਕਾਰੀ ਬਾਬੂ ਰਿਟਾਇਰਮੈਂਟ ਤੋਂ ਬਾਅਦ ਆਪਣੇ ਨਿੱਜੀ ਹਿੱਤਾਂ ਲਈ ਅੰਬੇਡਕਰ ਦੀ ਸੋਚ ਤੋਂ ਉਲਟ ਸੋਚ ਰੱਖਣ ਵਾਲੀ ਰਾਜਨਿਤਕ ਪਾਰਟੀ ਵਿੱਚ ਸ਼ਾਮਿਲ ਹੋ ਕੇ ਆਪਣੇ ਲੋਕਾਂ ਨੂੰ ਗੁੰਮਰਾਹ ਕਰਨ ਲੱਗ ਜਾਂਦੇ ਹਨ। ਅਜਿਹੇ ਅਫਸਰ ਨੌਕਰੀ ਦੌਰਾਨ ਵੀ ਡਾਕਟਰ ਅੰਬੇਡਕਰ ਨਾਲ ਧੋਖਾ ਕਰਦੇ ਹਨ ਤੇ ਨੌਕਰੀ ਤੋਂ ਬਾਅਦ ਵੀ ਡਾਕਟਰ ਅੰਬੇਡਕਰ ਨਾਲ ਗਦਾਰੀ ਕਰਦੇ ਹਨ।

ਡਾਕਟਰ ਅੰਬੇਡਕਰ ਦੀ ਸੋਚ ਸੀ ਕਿ ਜਿਸ ਸਮਾਜ ਵਿੱਚ ੧੦ ਵਕੀਲ, ੨੦ ਡਾਕਟਰ ਅਤੇ ੩੦ ਇੰਜੀਨੀਅਰ ਹੋਣਗੇ ਉਸ ਸਮਾਜ ਦੀ ਤਰਫ਼; ਕੋਈ ਅੱਖ ਉਠਾ ਕੇ ਨਹੀਂ ਦੇਖ ਸਕੇਗਾ। ਲੇਕਿਨ ਡਾਕਟਰ ਅੰਬੇਡਕਰ ਦੀ ਇਸ ਸੋਚ ਨੂੰ ਅਸੀਂ ਗ਼ਲਤ ਸਾਬਿਤ ਕਰ ਦਿੱਤਾ। ਅੱਜ ਕਿੰਨੇ ਹੀ ਵਕੀਲ ਸਮਾਜ ਵਿੱਚ ਹਨ, ਕਿੰਨੇ ਹੀ ਡਾਕਟਰ ਸਮਾਜ ਵਿੱਚ ਹਨ ਅਤੇ ਕਿੰਨੇ ਹੀ ਇੰਜਨੀਅਰ ਮੌਜੂਦ ਹਨ। ਇਸਦੇ ਇਲਾਵਾ ਤਹਿਸੀਲਦਾਰ, ਆਈ.ਏ.ਐਸ., ਆਈ.ਪੀ.ਐਸ., ਡੀ.ਐਸ.ਪੀ, ਐਸ.ਐਸ.ਪੀ. ਅਤੇ ਹੋਰ ਅਫਸਰ ਕੇਵਲ ਬਾਬਾ ਸਾਹਿਬ ਦੇ ਸਖ਼ਤ ਮਿਹਨਤ ਦੇ ਕਾਰਨ ਹੀ ਬਣੇ ਹਨ।

ਬੇਸ਼ੱਕ ਉਹ ਇਹ ਕਹਿਣ ਕਿ ਅਸੀਂ ਆਪਣੀ ਮਿਹਨਤ ਨਾਲ ਬਣੇ ਹਾਂ ਪਰ ਇਹ ਇਨ੍ਹਾਂ ਦਾ ਇੱਕ ਭਰਮ ਹੀ ਹੈ। ਕੀ ੧੯੫੦ ਤੋਂ ਪਹਿਲਾਂ ਇਨ੍ਹਾਂ ਦੇ ਪੂਰਵਜ ਮਿਹਨਤ ਨਹੀਂ ਕਰਦੇ ਸਨ? ਜ਼ਰਾ ਇਨ੍ਹਾਂ ਨੂੰ ਪੁੱਛੋ ਕਿ ਇਹ ਸਮਾਜ ਕਿੱਥੇ ਖੜ੍ਹਾ ਸੀ, ਸਿਰਫ ੭੫ ਸਾਲ ਪਹਿਲਾ। ਜਦੋਂ ਆਜ਼ਾਦ ਭਾਰਤ ਦਾ ਸੰਵਿਧਾਨ ਨਹੀਂ ਸੀ ਬਣਿਆ। ਹਜ਼ਾਰਾਂ ਸਾਲਾਂ ਤੋਂ 'ਸ੍ਰਿਸ਼ਟੀ ਦੇ ਰਚਣਹਾਰ' ਨੇ ਇਨ੍ਹਾਂ ਦੀ ਕਿਸਮਤ 'ਚ ਕੋਈ ਅਧਿਕਾਰ ਤਾਂ ਕੀ ਲਿਖਣਾ ਸੀ ਸਗੋਂ ਮੱਥੇ 'ਤੇ ਬਦਨਸੀਬ, ਬਦਕਿਸਮਤ, ਬਦਜਾਤ ਤੇ ਨੀਚ ਦੀ ਮੋਹਰ ਲਗਾ ਕੇ ਧਰਤੀ ਦੀਆਂ ਗੰਦੀਆਂ ਬਦਸੂਰਤ ਬਸਤੀਆਂ ਵਿੱਚ ਭੇਜ ਦਿੱਤਾ ਸੀ! ਪ੍ਰੰਤੂ ਡਾਕਟਰ ਅੰਬੇਡਕਰ ਨੇ ਉਹਨਾਂ ਬਸਤੀਆਂ ਦੀ ਤਕਦੀਰ ਬਦਲਣ ਲਈ ਜੋ ਸੰਘਰਸ਼ ਕੀਤਾ, ਜੋ ਕ੍ਰਾਂਤੀ ਕੀਤੀ ਉਸ ਦਾ ਨਤੀਜ਼ਾ ਤੁਸੀਂ ਆਪਣੇ ਪਹਿਰਾਵੇ, ਵਿੱਦਿਆ, ਕਾਰ ਅਤੇ ਆਪਣੀ ਕੋਠੀ 'ਚ ਪਏ ਮਹਿੰਗੇ ਫਰਨੀਚਰ ਨੂੰ ਵੇਖ ਕੇ ਅਸਾਨੀ ਨਾਲ ਲਗਾ ਸਕਦੇ ਹੋ। ਕੀ ਕੋਈ ਭਗਵਾਨ ਅੱਜ ਤੱਕ ਅਜਿਹਾ ਕਰ ਸਕਿਆ ਹੈ? ਕੀ ਇਨ੍ਹਾਂ ਦੀ ਪੂਜਾ, ਭਗਤੀ, ਅਰਾਧਨਾ, ਧਾਰਮਿਕ ਯਾਤਰਾਵਾਂ, ਧਰਮ, ਅਣਗਿਣਤ ਭਗਵਾਨ ਇਨ੍ਹਾਂ ਨੂੰ ਉਹ ਕੁੱਝ ਦੇ ਸਕੇ, ਜੋ ਇੱਕੱਲੇ ਡਾਕਟਰ ਅੰਬੇਡਕਰ ਨੇ ਸੰਵਿਧਾਨ ਬਣਾ ਕੇ ਦੇ ਦਿੱਤਾ ਹੈ।

ਜਿਵੇਂ ਕਿ ਪਹਿਲਾਂ ਹੀ ਜ਼ਿਕਰ ਕੀਤਾ ਜਾ ਚੁੱਕਿਆ ਹੈ ਕਿ ਭਾਵੇਂ ਬਾਬਾ ਸਾਹਿਬ ਦਾ ਸ਼ਿਕਵਾ ਬਹੁਜਨ ਸਮਾਜ ਦੇ ਪੜ੍ਹੇ-ਲਿਖੇ ਵਰਗ 'ਤੇ ਅੱਜ ਵੀ ਢੁੱਕਦਾ ਹੈ ਪਰ ਫਿਰ ਵੀ ਕੁੱਝ ਅਜਿਹੇ ਜਾਗਦੇ ਤੇ ਜੁਝਾਰੂ ਨੌਜਵਾਨ ਹਨ ਜਿਨ੍ਹਾਂ ਨੇ ਆਮ ਲੋਕਾਂ ਨੂੰ ਸੰਵਿਧਾਨ ਅਤੇ ਮੌਲਿਕ ਅਧਿਕਾਰਾਂ ਦਾ ਅਸਲੀ ਅਰਥ ਸਮਝਾਇਆ। ਵੋਟ ਦਾ ਅਧਿਕਾਰ, ਲੋਕਤੰਤਰ ਅਤੇ ਸਰਕਾਰਾਂ ਦੀ ਬਣਤਰ ਦੀ ਸਹੀ ਤੇ ਸਮਝ ਪੈਣ ਵਾਲੀ ਵਿਆਖਿਆ ਕੀਤੀ। ਵੋਟ ਦੀ ਅਸਲ ਕੀਮਤ, ਸ਼ਾਸਨ ਤੇ ਪ੍ਰਸ਼ਾਸਨ ਦੇ ਅਰਥ ਆਮ ਪੇਂਡੂਆਂ ਨੂੰ ਵੀ ਸਮਝਾਉਣ ਦੀ ਕੋਸ਼ਿਸ਼ ਕੀਤੀ। ਇਹ ਨੌਜਵਾਨ ਇਹ ਦੱਸਣ ਲਈ ਤੱਤਪਰ ਰਹਿੰਦੇ ਹਨ ਕਿ ਸੰਵਿਧਾਨ ਰਾਹੀਂ ਮਿਲਿਆ ਰਾਖਵਾਂਕਰਨ ਗਾਂਧੀ, ਨਹਿਰੂ ਜਾਂ ਕਾਂਗਰਸ ਦੀ ਦੇਣ ਨਹੀਂ ਬਲਕਿ ਸ਼ਾਹੂ



ਛਤਰਪਤੀ ਅਤੇ ਡਾ. ਅੰਬੇਡਕਰ ਦੀ ਦੇਣ ਹੈ। ਇਹ ਉਹ ਜਾਗਦੇ ਲੋਕ ਹਨ ਜੋ ਅੱਜ ਵੀ ਲੋਕਾਂ ਨੂੰ ਪਿੰਡ-ਪਿੰਡ, ਗਲੀ-ਗਲੀ, ਸ਼ਹਿਰ-ਸ਼ਹਿਰ ਘੁੰਮ ਕੇ ਸਮਝਾਉਣ ਲਈ ਯਤਨਸ਼ੀਲ ਰਹਿੰਦੇ ਹਨ।

ਡਾਕਟਰ ਭੀਮ ਰਾਓ ਅੰਬੇਡਕਰ ਦਾ ਸ਼ਿਕਵਾ ਦੂਰ ਕਰਨ ਲਈ ਪੜ੍ਹੇ-ਲਿਖੇ ਵਰਗ ਨੂੰ ਸਪੁੱਤਰ ਬਣ ਕੇ ਬਾਬਾ ਸਾਹਿਬ ਦੇ ਕਾਫਲੇ ਨੂੰ ਅੱਗੇ ਵਧਾਉਣ ਲਈ ਬਹੁਨੁਕਾਤੀ ਪ੍ਰੋਗਰਾਮ ਉਲੀਕਣ ਦੀ ਲੋੜ੍ਹ ਹੈ।ਜਿਵੇਂ ਕਿ:

੧. ਸਭ ਤੋਂ ਪਹਿਲਾਂ ਦਲਿਤ ਸਮਾਜ ਦੇ ਪੜ੍ਹੇ-ਲਿਖੇ ਵਰਗ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਬਾਬਾ ਸਾਹਿਬ ਦੀ ਬਦੌਲਤ ਹੀ ਉਨ੍ਹਾਂ ਨੂੰ ਪੜ੍ਹਾਈ, ਨੌਕਰੀ, ਕਾਰ ਤੇ ਕੋਠੀ ਨਸੀਬ ਹੋਈ ਹੈ ਨਾ ਕਿ ਕਿਸੇ ਬਾਬੇ ਦੀ ਮਜ਼ਾਰ 'ਤੇ ਚੌਂਕੀ ਭਰਨ ਨਾਲ, ਕਿਸੇ ਬਾਬੇ ਦੀ ਪੂਜਾ ਜਾਂ ਕਿਸੇ ਦੇਵੀ ਦੇਵਤੇ ਦਾ ਵਰਤ ਰੱਖਣ ਨਾਲ। ਖ਼ਾਸ ਤੌਰ 'ਤੇ ਸਰਕਾਰੀ ਬਾਬੂਆ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਸੰਵਿਧਾਨ ਲਾਗੂ ਹੋਣ ਤੋਂ ਪਹਿਲਾਂ ਦੇ ਸਮਾਜਿਕ ਹਾਲਤਾਂ ਤੋਂ ਜ਼ਰੂਰ ਜਾਣੂ ਕਰਾਉਣ। ਜੇ ਬਾਬਾ ਸਾਹਿਬ ਵੀ ਸਿਰਫ ਆਪਣੇ ਬਾਰੇ ਹੀ ਸੋਚਦੇ ਤਾਂ ਇਹ ਲੋਕ ਅੱਜ ਵੀ ਪਿੰਡਾਂ ਤੇ ਸ਼ਹਿਰਾਂ ਤੋਂ ਬਾਹਰ ਕੁੱਲੀਆਂ 'ਚ ਬੁਨੀਆਦੀ ਸ਼ਹੂਲਤਾਂ ਤੋਂ ਸੱਖਣਾ ਜੀਵਨ ਬਤੀਤ ਕਰ ਰਹੇ ਹੁੰਦੇ। (ਅੱਖਾਂ ਬੰਦ ਕਰਕੇ ਸਿਰਫ ਮਹਿਸੂਸ ਕਰਕੇ ਦੇਖੋ ਨਾਨੀ ਯਾਦ ਆ ਜਾਵੇਗੀ!) ਅੰਬੇਡਕਰਵਾਦ ਦਲਿਤ ਵਰਗ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਹੈ। ਇਸ ਲਈ ਜ਼ਰੂਰੀ ਹੈ ਕਿ ਡਾਕਟਰ ਅੰਬੇਡਕਰ ਦੇ ਜੀਵਨ ਬਾਰੇ ਪੜ੍ਹ ਕੇ ਤੇ ਉਨ੍ਹਾਂ ਦੇ ਵਿੱਚਾਰਾਂ ਨੂੰ ਜਾਣ ਕੇ ਇਸ ਬਾਰੇ ਹੋਰਾਂ ਨੂੰ ਦੱਸੋ। ਗਿਆਨ ਪ੍ਰਾਪਤ ਹੋਣ ਦੇ ਨਾਲ ਹੀ ਕਲਪਨਿਕ ਬਾਬਿਆਂ ਦੀਆਂ ਫੋਟੋਆਂ ਘਰੋਂ ਗਾਇਬ ਹੋ ਜਾਣਗੀਆਂ, ਰਾਹੂ, ਕੇਤੂ ਤੁਹਾਡੇ ਮੋਢਿਆਂ ਤੋਂ ਉਤਰ ਕੇ ਦੂਰ ਭੱਜ ਜਾਣਗੇ, ਤੁਹਾਡੀ ਕੁੰਡਲੀ ਦੀਆਂ ਸਾਰੀਆਂ ਗੁੰਝਲਾਂ ਸੁਲਝ ਜਾਣਗੀਆਂ ਤੇ ਸ਼ੁੱਭ-ਅਸ਼ੁਭ ਦੇ ਕੁਚੱਕਰ 'ਚੋ ਨਿੱਕਲ ਕੇ ਤੁਸੀਂ ਬਾਬਿਆਂ ਦੀਆਂ ਚੌਂਕੀਆਂ ਭਰਨਾ ਵੀ ਭੁੱਲ ਜਾਉਂਗੇ।

੨. ਗਿਆਨ ਨੂੰ ਹਥਿਆਰ ਬਣਾਓ ਨਾ ਕਿ ਸਿਰਫ ਨੌਕਰੀ ਦਾ ਸਾਧਨ। ਦਲਿਤ ਸਾਹਿਤ ਪੜ੍ਹੋ, ਜੇਕਰ ਤੁਹਾਨੂੰ ਆਪ ਨੂੰ ਕੁੱਝ ਪਤਾ ਹੋਵੇਗਾ ਤਾਂ ਹੀ ਦੂਜਿਆਂ ਨੂੰ ਕੁੱਝ ਦੱਸੋਗੇ। ਡਾਕਟਰ ਅੰਬੇਡਕਰ ਸਿੱਖਿਆ ਨੂੰ 'ਮੁਕਤੀ ਦਾ ਹਥਿਆਰ' ਮੰਨਦੇ ਸਨ। ਜੋ ਵਿਅਕਤੀ ਆਪਣੇ ਘਰ ਵਿੱਚ ਚਾਨਣ ਕਰਕੇ ਦੂਜੇ ਨੂੰ ਹਨੇਰੇ ਵਿੱਚ ਛੱਡ ਦਿੰਦਾ ਹੈ, ਉਹ ਸੱਚਾ ਅੰਬੇਡਕਰਵਾਦੀ ਨਹੀਂ ਹੋ ਸਕਦਾ। ਇਸ ਲਈ ਸਮਾਜ ਦੇ ਪੜ੍ਹੇ-ਲਿਖੇ ਵਿਅਕਤੀਆਂ ਨੂੰ 'ਗਿਆਨ ਦਾਨ ਮਹਾਂ ਦਾਨ' ਦਾ ਸਿਧਾਂਤ ਅਪਣਾ ਕੇ ਆਮ ਲੋਕਾਂ ਵਿੱਚ ਵੀ ਵਿੱਦਿਆ ਦਾ ਪ੍ਰਸਾਰ ਕਰਨਾ ਚਾਹੀਦਾ ਹੈ।ਇਸ ਤੋਂ ਇਲਾਵਾ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਸਮਾਜ ਸੇਵਾ ਵਿੱਚ ਹਿੱਸਾ ਲੈਣ ਤੇ ਆਪਣੇ ਵਰਗ ਦੇ ਗ਼ਰੀਬ, ਪਿੱਛੜੇ ਜਾਂ ਵੰਚਿਤ ਲੋਕਾਂ ਦੀਆਂ ਸਮੱਸਿਆਵਾਂ ਤੇ ਮਜ਼ਬੂਰੀਆਂ ਸਮਝ ਕੇ ਉਨ੍ਹਾਂ ਦਾ ਹੱਲ ਕਰਨ। ਵਿੱਦਿਆ ਨੂੰ ਸਿਰਫ ਨਿੱਜੀ ਹੀ ਨਹੀਂ ਸਗੋਂ ਹਮੇਸ਼ਾ ਜਨਹਿਤ ਵਿੱਚ ਵਰਤਿਆ ਜਾਣਾ ਚਾਹੀਦਾ ਹੈ। ਅੱਜ ਦਾ ਪੜ੍ਹਿਆ ਲਿਖਿਆ ਵਰਗ ਜੇ ਆਪਣੀਆਂ ਨਵੀਂ ਪੀੜ੍ਹੀ ਨੂੰ ਅੰਬੇਡਕਰ ਦੇ ਸੰਘਰਸ਼ ਅਤੇ ਉਨ੍ਹਾਂ ਦੇ ਮਿਸ਼ਨ ਦੀ ਜਾਣਕਾਰੀ ਦੇਵੇ, ਤਾਂ ਸਮਾਜਿਕ ਪਰਿਵਰਤਨ ਸੰਭਵ ਹੈ।

੩. ਪੜ੍ਹੇ ਲਿਖੇ ਵਰਗ ਨੂੰ ਚਾਹੀਦਾ ਹੈ ਕਿ ਆਪਣੇ ਸਮਾਜ ਦੇ ਲੋਕਾਂ ਨੂੰ ਸੇਧ ਦੇ ਕੇ ਓਹਨਾਂ ਦੇ ਜਾਤੀ ਸਰਟੀਫਿਕੇਟ ਬਣਾਉਣ, ਵਿਦਿਆਰਥੀਆਂ ਨੂੰ ਵਜੀਫਾ ਲਗਾਵਾਉਣ, ਲੋੜਵੰਦਾਂ ਨੂੰ ਪੈਨਸ਼ਨ ਲਗਵਾਉਣ ਅਤੇ ਹੋਰ ਸਰਕਾਰੀ ਸਹੂਲਤਾਂ ਦਾ ਲਾਭ ਦਿਵਾਉਣ ਲਈ ਸਮਾਂ ਜ਼ਰੂਰ ਕੱਢੇ।

੪. ਕਈਆਂ ਨੂੰ ਲੱਗਦਾ ਹੈ ਕਿ ਉੱਚ–ਵਿੱਦਿਆ ਅਤੇ ਨੌਕਰੀ ਉਨ੍ਹਾਂ ਦੇ ਆਪਣੇ ਗੁਣਾ ਅਤੇ ਕਾਬਲੀਅਤ ਕਰਕੇ ਮਿਲੀ ਹੈ ਨਾਕਿ ਕਿਸੇ ਰਾਖਵਾਂਕਰਨ ਦੇ ਕਾਰਨ। ਇਨ੍ਹਾਂ ਨੂੰ ਪੁੱਛੋ ਕਿ ਜੇ ਇਨ੍ਹਾਂ ਨੂੰ ਸਕੂਲ ਵਿੱਚ ਵੜਨ ਹੀ ਨਾ ਦਿੱਤਾ ਜਾਂਦਾ ਤਾਂ ਕਿੱਧਰ ਜਾਂਦੀ ਇਹਨਾਂ ਦੀ ਕਾਬਲੀਅਤ। ਇਹ ਭੁੱਲ ਜਾਂਦੇ ਹਨ ਕਿ ਅੰਬੇਡਕਰ ਦੇ ਸਰਟੀਫ਼ਿਓਮਪ;ਕੇਟ ਵਰਤ ਕੇ ਹੀ ਇਨ੍ਹਾਂ ਦੇ ਪਿਤਾ ਨੇ ਇਨ੍ਹਾਂ ਨੂੰ ਪੜ੍ਹਾਉਣ ਲਈ ਪੈਸੇ ਦਾ ਪ੍ਰਬੰਧ ਕੀਤਾ ਸੀ ਤੇ ਅੰਬੇਡਕਰ ਦੇ

ਬਣਾਏ ਸੰਵਿਧਾਨ ਕਰਕੇ ਹੀ ਇਨ੍ਹਾਂ ਨੂੰ ਸਕੂਲ ਅੰਦਰ ਦਾਖਲੇ ਦਾ ਅਧਿਕਾਰ ਮਿਲਿਆ। ਅਜਿਹੇ ਬੰਦੇ ਆਪਣੇ ਇਤਹਾਸ ਦੇ ਗਿਆਨ ਦੀ ਘਾਟ ਕਾਰਨ ਜਗ੍ਹਾ-ਜਗ੍ਹਾ ਭਟਕਦੇ ਹੋਏ ਮੰਦਰਾਂ ਦੇ ਘੰਟੇ ਬਜਾਉਂਦੇ ਫਿਰਦੇ ਰਹਿੰਦੇ ਹਨ। ਇਸ ਘਟਨਾਕ੍ਰਮ ਵਿੱਚ ਸਰਧਾ ਵਿੱਚ ਡੁੱਬੀਆਂ ਔਰਤਾਂ ਮਹੱਤਵਪੂਨ ਭੂਮਿਕਾ ਨਿਭਾਉਂਦੀਆਂ ਹਨ। ਪੜ੍ਹਿਆਂ-ਲਿਖਿਆ ਇਹ ਵਰਗ ਆਪਣੇ ਸਮਾਜ ਲਈ ਬਹੁਤ ਘਾਤਕ ਸਿੱਧ ਹੁੰਦਾ ਹੈ ਕਿਉਂਕਿ ਅਨਪੜ੍ਹ ਲੋਕ ਦੇਖੋ-ਦੇਖੀ ਇਨ੍ਹਾਂ ਦੇ ਮਾਰਗ 'ਤੇ ਚੱਲਣ ਲੱਗਦੇ ਹਨ। ਇਹ ਵੀ ਕਿਹਾ ਜਾ ਸਕਦਾ ਹੈ ਕਿ ਇਹ ਹੀ ਉਹ ਲੋਕ ਹਨ ਜਿਨ੍ਹਾਂ ਨੂੰ ਡਾਕਟਰ ਅੰਬੇਡਕਰ ਨੇ ਕਿਹਾ ਸੀ ਕਿ ਮੈਨੂੰ ਮੇਰੇ ਸਮਾਜ ਦੇ ਪੜ੍ਹੇ ਲਿਖੇ ਲੋਕਾਂ ਨੇ ਧੋਖਾ ਦਿੱਤਾ। ਅਜਿਹੇ ਕੁਰਾਹੇ ਪਏ ਲੋਕਾਂ ਨੂੰ ਸਹੀ ਰਾਹ 'ਤੇ ਲਿਆ ਕੇ ਅਸਲੀਅਤ ਦੇ ਦਰਸਨ ਕਰਾਉਣ ਲਈ ਜ਼ਰੂਰੀ ਹੈ ਕਿ ਕੁੱਝ ਚੰਗੀਆਂ ਕਿਤਾਬਾਂ ਪੜ੍ਹਾ ਕਿ ਸਾਹਿਤ ਨਾਲ ਜੋੜਿਆ ਜਾਵੇਂ।

੫. ਸਮਾਜ ਦੇ ਉਥਾਨ ਲਈ ਡਾਕਟਰ ਅੰਬੇਡਕਰ ਦਾ ਸੁਝਾਅ ਸੀ, "ਜੋ ਲੋਕ ਸਰਕਾਰੀ ਨੌਕਰੀ ਕਰਦੇ ਹਨ ਉਨ੍ਹਾਂ ਦਾ ਫਰਜ਼ ਹੈ ਕਿ ਆਪਣੀ ਕਮਾਈ ਦਾ ੨੦ਵਾਂ ਭਾਗ ਆਪਣੀ ਮਰਜ਼ੀ ਨਾਲ ਦਾਨ ਕਰਦੇ ਰਹਿਣ ਤਾਂ ਹੀ ਗ਼ਰੀਬ ਸਮਾਜ ਦਾ ਵਿਕਾਸ ਹੋਵੇਗਾ। ਨਹੀਂ ਤਾਂ ਇੱਕ ਹੀ ਪਰਿਵਾਰ ਸੁੱਖੀ ਹੋਵੇਗਾ। ਜੇ ਲੜਕਾ ਪਿੰਡ ਵਿੱਚ ਪੜ੍ਹਦਾ ਹੈ ਜਾਂ ਨੌਕਰੀ ਕਰਦਾ ਹੈ, ਉਸ ਤੋਂ ਪੂਰੇ ਸਮਾਜ ਨੂੰ ਉਮੀਦ ਹੁੰਦੀ ਹੈ। ਇੱਕ 'ਸਿੱਖਿਅਤ ਸਮਾਜ ਸੇਵਕ' ਉਹਨਾਂ ਲਈ ਵਰਦਾਨ ਸਿੱਧ ਹੋ ਸਕਦਾ ਹੈ।"

੬. ਨੌਜਵਾਨਾਂ ਨੂੰ ਉਚੇਰੀ ਅਤੇ ਕਿੱਤਾ-ਮੁੱਖੀ ਵਿੱਦਿਆ ਲਈ ਵਿਸ਼ੇਸ਼ ਤੌਰ 'ਤੇ ਉਤਸਾਹਿਤ ਕਰਨਾ ਚਾਹੀਦਾ ਹੈ। ਪੜ੍ਹਾਈ ਵਿੱਚ ਹੁਸ਼ਿਆਰ ਵਿਦਿਆਰਥੀਆਂ ਦੀ ਚੋਣ ਕਰਕੇ ਉਨ੍ਹਾਂ ਨੂੰ ਕਿੱਤੇ ਦੀ ਚੋਣ ਸਬੰਧੀ ਸਹੀ ਦਿਸ਼ਾ ਪ੍ਰਦਾਨ ਕਰਨੀ ਚਾਹੀਦੀ ਹੈ ਤਾਂ ਕਿ ਰੁਜ਼ਗਾਰ 'ਤੇ ਲੱਗ ਕੇ ਉਹ ਆਰਥਿਕ ਤੌਰ 'ਤੇ ਮਜ਼ਬੂਤ ਹੋ ਸਕਣ ਤੇ ਸਮਾਜ ਸੇਵਾ ਦੇ ਕਾਰਜਾਂ 'ਚ ਆਪਣਾ ਯੋਗਦਾਨ ਪਾ ਸਕਣ। ਬਾਬਾ ਸਾਹਿਬ ਦੀ ਵੀ ਇਹ ਇੱਛਾ ਸੀ ਕਿ ਦਲਿਤ ਸਮਾਜ ਦੇ ਵਿਦਿਆਰਥੀ ਗਿਆਨ ਹਾਸਲ ਕਰਨ ਅਤੇ ਸਮਾਜ ਨੂੰ ਅਗਵਾਈ ਦੇਣ।

੭. ਹਰੇਕ ਪਿੰਡ ਵਿੱਚ ਲਾਇਬ੍ਰੇਰੀ ਖੋਲ ਕੇ ਬਹੁਜਨ ਸਮਾਜ ਨਾਲ ਸਬੰਧਿਤ ਅਤੇ ਜੀਵਨ ਨੂੰ ਸੇਧ ਦੇਣ ਵਾਲੀਆਂ ਕਿਤਾਬਾਂ ਉਪਲਬਧ ਕਰਵਾਉਣੀਆਂ ਚਾਹੀਦੀਆਂ ਹਨ। ਲਾਇਬ੍ਰੇਰੀ ਸਮਾਜ ਦੀ ਮਾਨਸਿਕ ਸਿਹਤ ਤੰਦਰੁਸਤ ਰੱਖਣ 'ਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਲਾਇਬ੍ਰੇਰੀ ਅੰਧਵਿਸ਼ਵਾਸ, ਅਨਪੜ੍ਹਤਾ ਅਤੇ ਅਗਿਆਨਤਾ ਨੂੰ ਦੂਰ ਕਰਕੇ ਵੱਖ-ਵੱਖ ਧਰਮਾਂ, ਜਾਤਾਂ ਅਤੇ ਫ਼ਿਰਕਿਆਂ ਵਿੱਚ ਵੰਡੇ ਸਮਾਜ ਨੂੰ ਜੋੜਨ ਵਿੱਚ ਅਹਿਮ ਯੋਗਦਾਨ ਪਾਉਂਦੀ ਹੈ।

੮. ਇਸ ਤੋਂ ਇਲਾਵਾ, ਸਕੂਲਾਂ, ਕਾਲਜਾਂ, ਅਤੇ ਯੂਨੀਵਰਸਿਟੀਆਂ ਵਿੱਚ ਡਾਕਟਰ ਅੰਬੇਡਕਰ ਦੀ ਸੋਚ ਤੇ ਵਿਚਾਰਧਾਰਾ ਨੂੰ ਲਿਆਉਣਾ ਲਾਜ਼ਮੀ ਬਣਾਉਣ ਲਈ ਯਤਨ ਕਰਨੇ ਚਾਹੀਦੇ ਹਨ।

੯. ਸਮਾਜ ਵਿੱਚ ਫੈਲੀਆਂ ਕੁਰੀਤੀਆਂ ਨੂੰ ਖ਼ਤਮ ਕਰਨ ਲਈ ਯਤਨਸ਼ੀਲ ਰਹਿਣਾ ਚਾਹੀਦਾ ਹੈ। ਕੱਟੜ ਰਵੱਈਏ ਦੇ ਧਾਰਨੀ ਨਹੀਂ ਹੋਣਾ ਚਾਹੀਦਾ। ਬਰਾਬਰਤਾ ਤੇ ਸਾਂਝੀਵਾਲਤਾ ਦੇ ਸੰਦੇਸ਼ ਦਾ ਪ੍ਰਚਾਰ ਕਰਕੇ ਸਮੁੱਚੀ ਮਾਨਵਤਾ ਦੀ ਭਲਾਈ ਲਈ ਕੰਮ ਕਰਨਾ ਚਾਹੀਦਾ ਹੈ।

੧੦. ਪੜ੍ਹੇ-ਲਿਖੇ ਵਰਗ ਨੂੰ ਚਾਹੀਦਾ ਹੈ ਕਿ ਉਹ ਹਰ ਰੋਜ ਘੱਟੋ ਘੱਟ ਅੱਧਾ ਘੰਟਾ ਬਾਬਾ ਸਾਹਿਬ ਦੇ ਜੀਵਨ 'ਤੇ ਚਾਨਣਾ ਪਾਉਂਦੀਆਂ ਕਿਤਾਬਾਂ ਅਤੇ ਮੈਗਜ਼ੀਨ ਜ਼ਰੂਰ ਪੜ੍ਹਨ। ਜੇ ਉਹ ਆਪ ਕੁੱਝ ਪੜ੍ਹਨਗੇ ਤਾਂ ਹੀ ਉਹ ਅੱਗੇ ਹੋਰ ਸਾਥੀਆਂ ਨੂੰ ਦੱਸ ਸਕਣਗੇ। ਅੰਬੇਡਕਰਵਾਦੀ ਅਤੇ ਦੇਸ਼ ਭਗਤੀ ਦੀ ਸੋਚ ਰੱਖਣ ਵਾਲੇ ਸਾਥੀਆਂ ਨੂੰ ਵਿਚਾਰਾਂ ਦੇ ਆਦਾਨ ਪ੍ਰਦਾਨ ਲਈ ਹਫਤਾਵਾਰੀ ਜਾਂਪੰਦਰਾਂ ਦਿਨਾਂ ਬਾਅਦ ਮੀਟਿੰਗਾਂ ਬਹੁਤ ਜ਼ਰੂਰੀ ਹਨ। (ਪਰ ਇੱਕੱਠੇ ਹੋ ਕੇ ਚਾਹ ਨਾਲ ਪਕੋੜੇ ਖਾਣ ਨੂੰ ਹੀ ਸਮਾਜ ਸੇਵਾ ਨਹੀਂ ਸਮਝਣਾ ਚਾਹੀਦਾ! ਸਮਾਜ ਦੀ ਭਲਾਈ ਲਈ ਕੁੱਝ ਕਰਨਾ ਬਹੁਤ ਜ਼ਰੂਰੀ ਹੈ। ਦੇਖਣ ਵਿੱਚ ਆਇਆ ਹੈ ਕਿ ਜ਼ਿਆਦਾਤਰ ਪੜ੍ਹੇ-ਲਿਖੇ ਗੱਲਾਂ ਤਾਂ ਬਹੁਤ ਮਾਰਦੇ ਹਨ ਪਰ ਜਦੋਂ ਬਾਬਾ ਸਾਹਿਬ ਦੇ ਮਿਸ਼ਨ ਲਈ ਥੋੜ੍ਹੇ-ਮੋਟੇ ਪੈਸੇ ਖ਼ਰਚਣ ਦੀ ਗੱਲ ਆਉਂਦੀ ਹੈ ਤਾਂ ਢੀਠ ਹੋ ਜਾਂਦੇ ਹਨ ਜਾਂ ਟਾਲਾ ਵੱਟ ਜਾਂਦੇ ਹਨ।) ਡਾਕਟਰ ਅੰਬੇਡਕਰ ਦੀ ਵਿੱਚਾਰਧਾਰਾ ਦਾ ਪ੍ਰਸਾਰ ਕਰਨ ਲਈ ਸਾਨੂੰ ਸਿਰਫ ਦੋ ਸਮਾਗਮ (ਡਾਕਟਰ ਅੰਬੇਡਕਰ ਦੇ ਜਨਮ ਦਿਨ ਅਤੇ ਮਰਨ ਦਿਨ ਮੌਕੇ) ਹੀ ਨਹੀਂ ਸਗੋਂ ਸਾਲ ਵਿੱਚ ਕਈ ਸਮਾਗਮਾਂ ਦਾ ਆਯੋਜਨ ਕਰਨਾ ਚਾਹੀਦਾ ਹੈ।

